# ਅੰਮ੍ਰਿਤ ਕੀਰਤਨ

ਸਤੰਬਰ 2006



# Amrit Kirtan



ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

# ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ
ਅੰਕ 9 ◆ ਸਾਲ ਅਠਾਰਵਾਂ ◆ ਸਤੰਬਰ 2006



ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਾਇਕ ਸੰਪਾਦਕ (ਆਨਰੇਰੀ)
**ਡਾ. ਗੁਰਮੀਤ ਸਿੰਘ ਬੇਦਵਾਣ**, ਐਮ.ਏ., ਪੀ.ਐਚ.ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**


- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4.8.90 ਮਿਤੀ 20.2.91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- ▲ Donations are eligible for relief u/s 80 G of Income-Tax Act, 1961 (43 of 1961) vide CIT/CHD/Tech./04-05/375 dated 30.04.2004/ 05.05.2004 valid upto 31.03.2007

**ਚੰਦੇ ਦਾ ਵੇਰਵਾ**

- ▲ ਦੇਸ਼: ਇਕ ਕਾਪੀ 15 ਰੁ., ਸਲਾਨਾ 150 ਰੁ. ਜੀਵਨ ਮੈਂਬਰ 1500 ਰੁ.
- ▲ ਵਿਦੇਸ਼: ਸਲਾਨਾ 30 $, ਜੀਵਨ ਮੈਂਬਰ 300 $
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।


**ਚਿੱਠੀ ਪੱਤਰ ਲਈ ਪਤਾ**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
1246/1, ਸੈਕਟਰ 22-ਬੀ, ਚੰਡੀਗੜ੍ਹ 160 022
ਫੋਨ : 0172-2713915, 093161 36268

**ਰਚਨਾਵਾਂ ਭੇਜਣ ਲਈ ਪਤਾ**
ਸੰਪਾਦਕ, 'ਅੰਮ੍ਰਿਤ ਕੀਰਤਨ'
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630

e-mail: drjagirsingh@gmail.com



| | |
|---|---|
| **ਮਿਤ੍ਰ ਅਸਾਡੜੇ ਸੇਈ**<br>*ਪਾਠਕਾਂ ਦੇ ਪੱਤਰ* | 2 |
| **ਕਰਉ ਬੇਨੰਤੀਆ**<br>*ਸੰਪਾਦਕੀ* | 4 |
| **ਗੁਰਮਤਿ ਵਿਚ ਨਿਮਰਤਾ ਦਾ ਸੰਕਲਪ**<br>*ਡਾ. ਜਾਗੀਰ ਸਿੰਘ* | 5 |
| **ਆਦਰਸ਼ ਕੀਰਤਨੀਏ ਦੇ ਗੁਣ**<br>*ਗੁਰਦੀਪ ਸਿੰਘ* | 9 |
| **ਰਾਗ ਵਿਚ ਵਾਦੀ ਸੁਰ ਦੀ ਵਿਸ਼ੇਸ਼ਤਾ ਅਤੇ ਰਾਗ ਦੇ ਗਾਇਨ ਦੇ ਸਮੇਂ ਬਾਰੇ ਕਿਵੇਂ ਪਤਾ ਚੱਲਦਾ ਹੈ**<br>*ਨਰਿੰਦਰ ਪਾਲ ਸਿੰਘ* | 13 |
| **ਗੁਰਬਾਣੀ ਕੀਰਤਨ ਵਿਚ ਨਿਰਧਾਰਤ ਰਾਗਾਂ ਦਾ ਮਹੱਤਵ....**<br>*ਸਤਿਨਾਮ ਸਿੰਘ* | 15 |
| **ਕੀਰਤਨ ਸੀ.ਡੀ. ਸਮੀਖਿਆ**<br>*ਕਰਤਾਰ ਸਿੰਘ ਨੀਲਧਾਰੀ* | 17 |
| **ਗੁਰਮਤਿ ਸੰਗੀਤ ਸੰਭਾਲ ਤੇ ਪ੍ਰਸਾਰ (ਸੀਡੀ ਪ੍ਰੋਜੈਕਟ)**<br>*ਅਵਤਾਰ ਸਿੰਘ ਹੰਸ* | 19 |
| **ਪ੍ਰੋ: ਕਰਤਾਰ ਸਿੰਘ ਜੀ ਦੀ ਰਚਿਤ ਪੁਸਤਕ 'ਗੁਰਮਤਿ ਸੰਗੀਤ ਦਰਪਣ' ਭਾਗ ਦੂਜਾ ਦਾ ਰਲੀਜ਼ ਸਮਾਗਮ**<br>*ਸੁਖਵਿੰਦਰ ਸਿੰਘ* | 21 |
| **ਸੁਰ ਲਿਪੀ**<br>*ਨਰਿੰਦਰ ਕੌਰ* | 22 |
| **ਸੁਰ ਲਿਪੀ ਵਾਲੇ ਸ਼ਬਦ ਦੇ ਅਰਥ**<br>*ਮਨਮੋਹਨ ਸਿੰਘ* | 24 |



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।



COMPUTER TYPE SETTING
sohal specials
Designers & Printers
Phone: 0172-3292919

# ਮਿਤ੍ਰ ਅਸਾਡੜੇ ਸੇਈ

♦ ਆਪ ਜੀ ਵਲੋਂ ਪ੍ਰਕਾਸ਼ਿਤ 'ਅੰਮ੍ਰਿਤ ਕੀਰਤਨ' ਜੂਨ 2006 ਵਿਚ ਗੁਰਮਤਿ ਸੰਗੀਤ ਸੰਭਾਲ ਤੇ ਪ੍ਰਸਾਰ ਸਿਰਲੇਖ ਹੇਠ ਗੁਰਬਾਣੀ ਸੰਗੀਤ ਪ੍ਰਸਾਰ ਹਿੱਤ Area Organizer (AO) ਸਥਾਪਤ ਕਰਕੇ ਮਹੱਤਵ ਪੂਰਨ ਗੁਰਬਾਣੀ ਗਾਇਣ ਕਲਾ ਨੂੰ CD's ਰਾਹੀਂ ਪ੍ਰਸਾਰਤ ਕਰਨ ਦੀ ਗੱਲ ਲਿਖੀ ਹੈ। ਇਸ ਸੰਦਰਭ ਵਿਚ ਬੇਨਤੀ ਹੇ ਕਿ ਮਾਤਾ ਸਹਿਬ ਕੌਰ ਗੁਰਮਤਿ ਕਾਲਜ ਫਰੀਦਾਬਾਦ ਵਿਚ ਗੁਰਮਤਿ ਸੰਗੀਤ ਪ੍ਰਸਾਰਣ ਦੇ ਉਪਰਾਲੇ ਗੁਰਬਾਣੀ ਸੰਗੀਤ ਕਲਾਸਾਂ ਅਤੇ ਗੁਰਬਾਣੀ ਸੰਗੀਤ ਪ੍ਰਤੀਯੋਗਤਾਵਾਂ ਰਾਹੀਂ ਹੁੰਦੇ ਰਹਿੰਦੇ ਹਨ। ਭਲਾ ਹੋਵੇਗਾ ਜੇ ਅਸੀਂ ਆਪ ਵਲੋਂ ਪ੍ਰਸਾਰਤ CD's ਆਮ ਸੰਗਤਾਂ/ਕੀਰਤਨੀ ਸਿੰਘਾਂ/ਸੰਗੀਤ ਪ੍ਰੇਮੀਆਂ/ਵਿਦਿਆਰਥੀਆਂ ਤੱਕ ਪਹੁੰਚਾ ਕੇ ਉਚ ਪੱਧਰੀ ਕੀਰਤਨ ਦੀ ਨਿਸ਼ਾਨ ਦੇਹੀ ਕਰ ਸਕੀਏ।

ਸਨਿਮਰ ਬੇਨਤੀ ਹੈ ਕਿ ਆਪ ਜੀ ਦਾਸਰਿਆਂ ਨੂੰ ਇਸ ਪ੍ਰਾਜੈਕਟ ਦੀ ਪੂਰੀ ਜਾਣਕਾਰੀ ਭੇਜੋ ਅਤੇ ਸਾਨੂੰ ਜੇ ਵਾਜਬ ਸਮਝੋ ਤਾਂ ਇਸ ਸੁਚੱਜੇ ਕਾਰਜ ਵਿਚ ਸ਼ਮੂਲੀਅਤ ਬਖਸ਼ ਕੇ AO ਸਥਾਪਤ ਕਰਨ ਦੀ ਖੇਚਲ ਕਰੋ ਜੀ। ਇਸ ਨਿੱਕੇ ਸਹਿਯੋਗ ਲਈ ਧੰਨਵਾਦੀ ਹੋਵਾਂਗੇ। ਆਪ ਜੀ ਵਲੋਂ ਕੀਤੀਆਂ ਜਾ ਰਹੀਆਂ ਪੰਥਕ ਸੇਵਾਵਾਂ ਲਈ ਹਾਰਦਿਕ ਪ੍ਰਸੰਸਕ ਅਤੇ ਹਿਤੂ।

*ਕ੍ਰਿਪਾਲ ਸਿੰਘ, ਚੇਅਰਮੈਨ*

ਮਾਤਾ ਸਾਹਿਬ ਕੌਰ ਗੁਰਮਤਿ ਕਾਲਜ, ਫਰੀਦਾਬਾਦ

♦ ਬੇਨਤੀ ਹੈ ਕਿ ਗੁਰਮਤਿ ਕਾਲਜ ਵਲੋਂ ਪਿਛਲੇ ਕੁਝ ਸਾਲਾਂ ਤੋਂ ਬੱਚਿਆਂ ਅਤੇ ਨੌਜਵਾਨਾਂ ਨੂੰ ਆਪਣੇ ਧਰਮ ਨਾਲ ਜੋੜਨ ਲਈ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸਹਿਯੋਗ ਨਾਲ ਪੱਤਰ ਵਿਹਾਰ ਸਿੱਖਿਆ ਰਾਹੀਂ ਐਮ ਏ (ਧਰਮ ਅਧਿਐਨ), ਐਮ ਏ (ਸਿੱਖ ਸਟੱਡੀਜ਼), ਡਿਪਲੋਮਾ ਇਨ ਡਿਵਨਿਟੀ ਅਤੇ ਗਿਆਨੀ ਕੋਰਸ ਕਰਵਾਏ ਜਾਂਦੇ ਹਨ, ਜਿਨ੍ਹਾਂ ਦੇ ਇਮਤਿਹਾਨ ਵੀ ਗੁਰਮਤਿ ਕਾਲਜ, ਦਿੱਲੀ ਵਿਖੇ ਹੀ ਹੁੰਦੇ ਹਨ। ਵਿਦਿਆਰਥੀਆਂ ਕੋਲੋਂ ਪੰਜਾਬੀ ਯੂਨੀਵਰਸਿਟੀ ਵਿਚ ਜਮ੍ਹਾਂ ਕਰਾਈ ਜਾਣ ਵਾਲੀ ਫੀਸ ਤੋਂ ਇਲਾਵਾ ਪੜ੍ਹਾਈ ਲਈ ਕਿਸੇ ਤਰ੍ਹਾ ਦੀ ਕੋਈ ਵੀ ਫੀਸ ਨਹੀਂ ਲਈ ਜਾਂਦੀ। ਇਸ ਦੇ ਨਾਲ ਹੀ ਜ਼ਰੂਰਤਮੰਦ ਬੱਚਿਆਂ ਦੀ ਫੀਸ ਨੂੰ ਵੀ ਮਾਫ਼ ਕੀਤੀ ਜਾਂਦੀ ਹੈ। ਗੁਰਮਤਿ ਕਾਲਜ ਵਲੋਂ 'ਮਾਤਾ ਗੰਗਾ ਗੁਰਮਤਿ ਲਾਇਬਰੇਰੀ' ਬੱਚਿਆਂ ਦੀ ਸਹੂਲਤ ਲਈ ਚਲਾਈ ਜਾ ਰਹੀ ਹੈ, ਇਸ ਵਿਚ ਵੱਖ ਵੱਖ ਤਰ੍ਹਾਂ ਦੀਆਂ ਕਿਤਾਬਾਂ ਮੌਜੂਦ ਹਨ। ਸਾਡੀ ਆਪ ਜੀ ਪਾਸ ਬੇਨਤੀ ਹੈ ਕਿ ਆਪ ਜੀ ਵਲੋਂ ਜਿਹੜੀ ਪੱਤ੍ਰਿਕਾ ਛਾਪੀ ਜਾ ਰਹੀ ਹੈ, ਕਿਰਪਾ ਕਰਕੇ ਸਾਡੀ ਲਾਈਬਰੇਰੀ ਲਈ ਲਗਾਤਾਰ ਇਕ ਇਕ ਕਾਪੀ ਭੇਜਣ ਦੀ ਕ੍ਰਿਪਾਲਤਾ ਕਰਨੀ, ਤਾਂ ਜੋ ਇਸ ਪੱਤ੍ਰਿਕਾ ਤੋਂ ਬੱਚੇ ਫਾਇਦਾ ਚੁੱਕ ਸਕਣ।

*ਹਰਿੰਦਰਪਾਲ ਸਿੰਘ, ਚੇਅਰਮੈਨ*

ਗੁਰਮਤਿ ਕਾਲਜ, ਦਿੱਲੀ

♦ ਅਗਸਤ ਅੰਕ ਵਿਚ ਸ. ਗੁਰਨਾਮ ਸਿੰਘ ਜੀ ਦੇ ਲੇਖ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਗੀਤ ਵਿਚ ਸਥਾਨ ਵਿਚ ਦਰਜ ਹੇ ਕਿ 'ਸ੍ਰੀ ਗੁਰੂ ਅੰਗਦ ਦੇਵ ਜੀ ਨੇ 10 ਰਾਗਾਂ ਵਿਚ ਬਾਣੀ ਰਚੀ' ਇਹ ਤੱਥ ਵਿਰੋਧੀ ਹੈ। ਲੇਖਕ ਸ਼ਬਦ ਤੇ ਸਲੋਕ ਦੀ ਪ੍ਰੀਭਾਸ਼ਾ ਤੋਂ ਅਪਰਿਚਿਤ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਕੇਵਲ ਸ਼ਲੋਕ ਉਚਾਰੇ ਅਤੇ ਸ਼ਲੋਕ ਰਾਗ ਵਿਚ ਨਹੀਂ ਉਚਾਰੇ ਜਾਂਦੇ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਲੋਕਾਂ ਦੀ ਸੁਜੋਗ ਵਰਤੋਂ ਕਰਕੇ ਵਾਰਾਂ ਦੀ ਪਉੜੀਆਂ ਦੇ ਭਾਵ ਪੁਖਤਾਮਈ ਲਈ ਆਪਣੀ ਵਿਲੱਖਣ ਸੰਪਾਦਨਾ ਨਾਲ ਵਰਤੇ ਹਨ। ਸਲੋਕ ਵਾਰਾਂ ਤੋਂ ਵਧੀਕ, ਇਸ ਦਾ ਪ੍ਰਤੱਖ ਪ੍ਰਮਾਣ ਹੈ ਤੇ ਲੇਖਕ ਨੇ ਆਪ ਜਪੁਜੀ, ਸਵੈਯੇ ਅਤੇ ਸਲੋਕ ਵਾਰਾਂ ਤੋਂ ਵਧੀਕ ਨੂੰ ਰਾਗ ਰਹਿਤ (ਸੁਤੰਤਰ ਰਚਨਾ) ਮੰਨਿਆ ਹੈ।

ਘਰ ਬਾਬਤ ਕੋਈ ਨਿਰਣਾ ਵਿਦਵਾਨ ਲੇਖਕ ਨੇ ਨਹੀਂ ਦਿੱਤਾ ਪਰ ਅੰਮ੍ਰਿਤ ਕੀਰਤਨ ਦੇ ਇਕ ਪੁਰਾਣੇ ਅੰਕ ਵਿਚ ਘਰਾਂ ਦੀ ਸ਼ਾਸਤਰੀ ਵਿਆਖਿਆ ਪੜ੍ਹੀ ਹੈ ਕਿ ਤੇ ਸੰਪਾਦਕੀ ਇਜਾਜ਼ਤ ਨਾਲ ਇਸ ਲੇਖ ਨੂੰ ਸੰਪਾਦਿਤ ਕਰਕੇ ਛਾਪਣਾ ਯੋਗ ਹੋਵੇਗਾ ਅਤੇ ਸੰਗੀਤਾਚਾਰਯਾਂ ਦੀ ਗੋਸ਼ਟੀ ਕਰਵਾਉਣੀ ਜ਼ਰੂਰੀ ਹੈ।

ਸੰਸਥਾਤਮਕ ਨਿਤਨੇਮ ਦੇ ਰੂਪ ਵਿਚ ਅੰਮ੍ਰਿਤ ਵੇਲੇ ਕੀਰਤਨ ਦੀ ਪਰੰਪਰਾ ਨਾਲ ਹੀ ਗੁਰਮਤਿ ਗਿਆਨ ਤੇ ਕੀਰਤਨ ਸਦਾ ਸਦਾ ਜੀਵੰਤ ਹੈ।

*ਕਰਤਾਰ ਸਿੰਘ ਨੀਲਧਾਰੀ, ਚੰਡੀਗੜ੍ਹ*

## ਕਰਉ ਬੇਨੰਤੀਆ

# ਭਾਦੁਇ ਭਰਮ ਭੁਲਾਣੀਆ

ਮੈਂ ਆਮ ਤੌਰ ਤੇ ਸਾਲ ਵਿਚ ਇਕ ਸਹਿਜ ਪਾਠ ਕਰਦਾ ਹਾਂ। ਅੱਜ ਕਲ੍ਹ ਇਹ ਪਾਠ ਪ੍ਰਿੰਸੀਪਲ ਸਾਹਿਬ ਸਿੰਘ ਜੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ ਤੋਂ ਕਰ ਰਿਹਾ ਹਾਂ। ਬਾਰਹਮਾਹ ਮਾਝ ਦਾ ਪਾਠ ਕਰਦਿਆਂ ਜਦੋਂ *ਭਾਦੁਇ ਭਰਮ ਭੁਲਾਣੀਆ* 'ਤੇ ਪੁੱਜਾ ਤਾਂ ਮੇਰਾ ਮਨ ਬਚਪਨ ਦੀਆਂ ਯਾਦਾਂ ਵਿਚ ਪਹੁੰਚ ਗਿਆ। ਉਦੋਂ ਮੈਂ ਪੰਜਵੀਂ ਜਮਾਤ ਵਿਚ ਪੜ੍ਹਦਾ ਸਾਂ। ਅਸੀਂ ਬਲਾਕ ਨੰਬਰ 2, ਮਾਠਖੇੜਾ, ਤਹਿਸੀਲ ਬਿਲਾਸਪੁਰ, ਜ਼ਿਲ੍ਹਾ ਰਾਮ ਪੁਰ ਯੂ.ਪੀ. ਵਿਚ ਰਹਿੰਦੇ ਸਾਂ। ਭਾਦੋਂ ਦਾ ਮਹੀਨਾ ਬੜਾ ਅਜੀਬ ਹੁੰਦਾ ਸੀ। ਗਰਮੀ ਤੇ ਹੁੱਸੜ ਦੇ ਨਾਲ ਬਾਰਸ਼ ਵੀ ਬਹੁਤ ਪੈਂਦੀ ਸੀ ਪਰ ਇਸ ਮੌਸਮ ਵਿਚ ਵੀ ਸਾਰੇ ਕੰਮ ਕਾਰ ਤਾਂ ਕਰਨੇ ਹੀ ਪੈਂਦੇ ਸਨ।

ਉਦੋਂ ਮੇਰੇ ਪਿਤਾ ਜੀ ਗੁਰਦੁਆਰਾ ਮੰਜੀ ਸਾਹਿਬ ਅੰਬਾਲਾ ਸ਼ਹਿਰ ਵਿਚ ਕੀਰਤਨ ਕਰਦੇ ਸਨ। ਮੇਰੇ ਤਾਇਆ ਜੀ ਗਿਆਨੀ ਤਖਤ ਸਿੰਘ ਖੇਤੀਬਾੜੀ ਕਰਨ ਲਈ ਉਥੇ ਯੂ.ਪੀ. ਵਿਚ ਗਏ ਹੋਏ ਸਨ। ਮੈਂ ਸਕੂਲ ਵਿਚ ਪੜ੍ਹ ਰਿਹਾ ਸਾਂ ਇਸ ਲਈ ਮੈਂ ਵੀ ਉਨ੍ਹਾਂ ਨਾਲ ਹੀ ਰਹਿੰਦਾ ਸਾਂ। ਖੈਰ ਗੱਲ ਭਾਦੋਂ ਦੇ ਮਹੀਨੇ ਦੀ ਚੱਲ ਰਹੀ ਸੀ। ਸਾਡੇ ਪਿੰਡ ਗੁਰਦੁਆਰਾ ਨਹੀਂ ਸੀ ਹੁੰਦਾ। ਤਾਇਆ ਜੀ ਨੂੰ ਚਾਅ ਚੜ੍ਹਿਆ ਕਿ ਗੁਰਦੁਆਰਾ ਬਣਾਇਆ ਜਾਵੇ। ਉਨ੍ਹਾਂ ਆਪਣੇ ਘਰ ਦੇ ਨੇੜੇ ਹੀ ਇਕ ਛੱਪਰ ਬਣਵਾਇਆ। ਗੁਰੂ ਗ੍ਰੰਥ ਸਾਹਿਬ ਮੰਗਵਾਉਣ ਲਈ ਅੰਮ੍ਰਿਤਸਰ ਚਿੱਠੀ ਪੱਤਰ ਕੀਤਾ। ਇਕ ਸਰੂਪ ਰੇਲਵੇ ਬਿਲਟੀ ਰਾਹੀਂ ਰਾਮ ਪੁਰ ਪੁੱਜਾ। ਫਿਰ ਉਥੋਂ ਬੱਸ ਰਾਹੀਂ ਅਤੇ ਸੱਤ ਅੱਠ ਮੀਲ ਗੱਡੇ ਉਤੇ ਕਿਤੇ ਸੁੱਕੇ ਅਤੇ ਗਿੱਲੇ ਕੱਚੇ ਰਾਹਾਂ ਉਤੇ ਚੱਲ ਕੇ ਮਨਾਂ ਵਿਚ ਸਤਿਕਾਰ ਕਰਦਿਆਂ ਗੁਰੂ ਗ੍ਰੰਥ ਸਾਹਿਬ ਜੀ ਪਿੰਡ ਲਿਆਂਦੇ ਗਏ। ਸਾਰੇ ਪਿੰਡ ਵਿਚ ਜਿਵੇਂ ਵਿਆਹ ਵਾਲਾ ਮਾਹੌਲ ਸੀ। ਸਭ ਨੂੰ ਚਾਅ ਚੜ੍ਹਿਆ ਹੋਇਆ ਸੀ। ਪ੍ਰਕਾਸ਼ ਕੀਤਾ ਗਿਆ। ਉਸ ਦਿਨ ਭਾਦੋਂ ਦੀ ਸੰਗਰਾਂਦ ਸੀ। ਤਾਇਆ ਜੀ ਨੇ ਪਹਿਲਾਂ ਸਾਰੇ ਬਾਰਾਂਮਾਹ ਦਾ ਪਾਠ ਕੀਤਾ ਫਿਰ ਭਾਦੋਂ ਦੇ ਮਹੀਨੇ ਦਾ ਪਾਠ ਕੀਤਾ। ਫਿਰ ਉਨ੍ਹਾਂ ਇਸ ਮਹੀਨੇ ਦੀ ਕਥਾ ਕੀਤੀ। ਕਥਾ ਕਰਦਿਆਂ ਗੁਰੂ ਨਾਨਕ ਦੇਵ ਜੀ ਦੇ ਤੁਖਾਰੀ ਵਾਲੇ ਬਾਰਾਂਮਾਹ ਦਾ ਵੀ ਹਵਾਲਾ ਦਿੱਤਾ ਫਿਰ ਉਨ੍ਹਾਂ ਉਥੋਂ ਦੇ ਆਲੇ ਦੁਆਲੇ ਦੀ ਕੁਦਰਤ ਅਤੇ ਬੇਯਕੀਨੇ ਮੌਸਮ ਨੂੰ ਬਿਆਨ ਕਰਦਿਆਂ ਮਨੁੱਖ ਦੀ ਮਾਨਸਿਕ ਅਵਸਥਾ ਨੂੰ ਬਿਆਨ ਕਰ ਕੇ ਐਸਾ ਰੰਗ ਬੰਨਿਆ ਕਿ ਉਹ ਕਥਾ ਮੇਰੇ ਚੇਤੇ ਵਿਚ ਅੱਜ ਵੀ ਵੱਸੀ ਹੋਈ ਹੈ। ਉਸ ਦਿਨ ਤੋਂ ਬਾਅਦ ਮੇਰੇ ਤਾਇਆ ਜੀ ਮੈਨੂੰ ਚੰਗੇ ਲੱਗਣ ਲੱਗ ਪਏ।

ਮੈਂ ਉਥੇ ਹੀ ਗੁਰੂ ਗ੍ਰੰਥ ਸਾਹਿਬ ਦੇ ਚਰਨੀਂ ਲੱਗਾ। ਪਿੰਡ ਦੀਆਂ ਦੋ ਤਿੰਨ ਬਜ਼ੁਰਗ ਮਾਤਾਵਾਂ ਸਵੇਰੇ ਮੈਨੂੰ ਉਠਾ ਲੈਂਦੀਆਂ ਸਨ। ਉਨ੍ਹਾਂ ਨਲਕਾ ਗੇੜ ਕੇ ਇਸ਼ਨਾਨ ਕਰਵਾਉਣਾ ਫਿਰ ਸੁਖਮਨੀ ਸਹਿਬ ਦਾ ਪਾਠ ਸੁਣਨਾ ਅਤੇ ਬੇਅੰਤ ਅਸੀਸਾਂ ਦੇਣੀਆਂ। ਰਾਤ ਨੂੰ ਲਾਲਟੈਣ ਦੇ ਚਾਨਣੇ ਵਿਚ ਭਾਈ ਬਾਲੇ ਵਾਲੀ ਜਨਮ ਸਾਖੀ ਵਿਚੋਂ ਕਥਾ ਵੀ ਕਰਦਾ ਸਾਂ। ਇਹ ਕੁਝ ਕਰਦਿਆਂ ਪਿੰਡ ਵਿਚ ਮੇਰਾ ਵਿਸ਼ੇਸ਼ ਪ੍ਰਕਾਰ ਦਾ ਸਤਿਕਾਰ ਹੋਣ ਲੱਗ ਪਿਆ। ਪਾਠ ਅਤੇ ਕਥਾ ਕਰਨਾ ਜਿਹੜਾ ਮੈਨੂੰ ਕਦੀ ਕਦੀ ਬੋਝ ਲੱਗਦਾ ਸੀ ਹੁਣ ਚੰਗਾ ਲੱਗਣ ਲੱਗ ਪਿਆ।

ਪਿਤਾ ਜੀ ਆਪਣੇ ਹਰਮੋਨੀਅਮ ਅਤੇ ਤਬਲੇ ਸਮੇਤ ਉਥੇ ਆ ਗਏ ਸਨ। ਮੇਰਾ ਛੋਟਾ ਭਰਾ ਬਚਿੱਤਰ ਸਿੰਘ ਤਬਲਾ ਵਜਾਉਂਦਾ। ਮੇਰੇ ਲਈ ਇਕ ਬੈਂਜੋ ਲਿਆਂਦੀ ਗਈ। ਇੰਜ ਸਾਡਾ ਰਾਗੀ ਜਥਾ ਤਿਆਰ ਹੋ ਗਿਆ। ਅਸੀਂ ਹਰ ਰੋਜ਼ ਰਾਤ ਦੀ ਰੋਟੀ ਖਾਣ ਤੋਂ ਪਹਿਲਾਂ ਰਹਿਰਾਸ ਸਾਹਿਬ ਦਾ ਪਾਠ ਕਰਕੇ ਫਿਰ ਕੀਰਤਨ ਕਰਦੇ। ਉਦੋਂ ਸਮਾਂ ਬਹੁਤ ਹੁੰਦਾ ਸੀ। ਪਸ਼ੂਆਂ ਲਈ ਪੱਠੇ ਲਿਆਉਣੇ, ਕੁਤਰਨੇ, ਮੀਲ ਦੋ ਮੀਲ ਪੈਦਲ ਚੱਲਕੇ ਪੜ੍ਹਨ ਵੀ ਜਾਣਾ ਅਤੇ ਪਾਠ ਕਥਾ ਕੀਰਤਨ ਵੀ ਕਰਨਾ। ਰਹਿਰਾਸ ਸਾਹਿਬ ਦਾ ਪਾਠ ਮੈਨੂੰ ਉਦੋਂ ਯਾਦ ਹੋ ਗਿਆ ਸੀ। ਹੁਣ ਪਤਾ ਨਹੀਂ ਸਮਾਂ ਕਿਥੇ ਚਲਾ ਗਿਆ। ਦਿਨ ਅਤੇ ਘੰਟੇ ਛੋਟੇ ਹੋ ਗਏ ਜਾਪਦੇ ਹਨ। ਹੁਣ ਤਾਂ ਪਾਠ ਕਥਾ ਕੀਰਤਨ ਕਰਨ ਦੀ ਤਾਂ ਗੱਲ ਹੀ ਛੱਡੋ ਸੁਣਨ ਦਾ ਸਮਾਂ ਨਹੀਂ ਮਿਲਦਾ। ਭਾਦੋਂ ਦੇ ਮਹੀਨੇ ਵਿਚ ਭਰਮਾਂ ਅੰਦਰ ਭੁੱਲੀ ਜੀਵ ਆਤਮਾ ਵਾਂਗ ਪਤਾ ਨਹੀਂ ਕਿਸ ਦੇ ਹੇਤ ਵਿਚ ਭਟਕ ਰਹੇ ਹਾਂ। ਗੁਰੂ ਮਿਹਰ ਕਰੇ।

# ਗੁਰਮਤਿ ਵਿਚ ਨਿਮਰਤਾ ਦਾ ਸੰਕਲਪ

ਡਾ. ਜਾਗੀਰ ਸਿੰਘ

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਉੱਤੇ ਅਧਾਰਤ ਗੁਰਮਤਿ ਜਿਥੇ ਮਨੁੱਖ ਨੂੰ ਪ੍ਰਮਾਤਮਾ ਨਾਲ ਮਿਲਾਪ ਕਰਨ ਲਈ ਅਗਵਾਈ ਦਿੰਦੀ ਹੈ ਉਥੇ ਮਨੁੱਖੀ ਸਮਾਜ ਵਿਚ ਸਫਲਤਾ ਪੂਰਵਕ ਵਿਚਰਨ ਲਈ ਜੀਵਨ ਜਾਚ ਵੀ ਬਖਸ਼ਦੀ ਹੈ। ਇਸ ਵਿਚ ਦਰਜ ਨਿਮਰਤਾ ਦਾ ਭਾਵ ਇਹਨਾਂ ਦੋਹਾਂ ਪੱਧਰਾਂ ਤੇ ਕੰਮ ਕਰਦਾ ਹੈ।

ਪ੍ਰਭੂ ਮਿਲਾਪ ਲਈ ਨਿਮਰਤਾ ਇਕ ਜ਼ਰੂਰੀ ਸ਼ਰਤ ਹੈ। ਗੁਰੂ ਨਾਨਕ ਦੇਵ ਜੀ ਪ੍ਰਮਾਤਮਾ ਨੂੰ ਸੱਚ ਦੀ ਸੰਗਿਆ ਦਿੰਦੇ ਆਖਦੇ ਹਨ ਕਿ ਮਨੁੱਖ ਉਸ ਸੱਚ ਨਾਲ ਜੁੜ ਕੇ ਸਚਿਆਰਾ ਬਣਦਾ ਹੈ। ਪਰ ਸਚਿਆਰਾ ਬਣਨ ਲਈ ਜ਼ਰੂਰੀ ਸ਼ਰਤ ਹੈ ਕਿ ਉਹ ਆਪਣੀ ਹਉਮੈ ਗੁਆਵੇ ਅਤੇ ਹੁਕਮ ਅਨੁਸਾਰ ਆਪਣਾ ਜੀਵਨ ਬਤੀਤ ਕਰੇ। ਜਪੁ ਜੀ ਦੀ ਪਹਿਲੀ ਪਉੜੀ ਵਿਚ ਬਿਆਨ ਕੀਤਾ ਹੈ:

*ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲ*
*ਹੁਕਮ ਰਜਾਈ ਚਲਣਾ ਨਾਨਕ ਲਿਖਿਆ ਨਾਲ॥*

ਜਪੁਜੀ, ਪੰਨਾ-1

ਹੁਕਮ ਅਨੁਸਾਰ ਚਲਣ ਲਈ ਉਹ ਮਨੁੱਖ ਹੀ ਤਿਆਰ ਹੋਵੇਗਾ ਜਿਸ ਵਿਚ ਨਿਮਰਤਾ ਹੋਵੇਗੀ। ਨਿਮਰਤਾ ਦਾ ਉਲਟ ਭਾਵ ਹਉਮੈ ਹੈ। ਹਉਮੈ ਨੂੰ ਨਾਮ ਭਾਵ ਪ੍ਰਮਾਤਮਾ ਦਾ ਵਿਰੋਧੀ ਦਸਿਆ ਗਿਆ ਹੈ:

*ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ*

ਵਡਹੰਸ ਮਹਲਾ3, ਪੰਨਾ 560

ਗੁਰਬਾਣੀ ਵਿਚ ਵੱਖ ਵੱਖ ਤਰ੍ਹਾਂ ਦੀਆਂ ਉਦਾਹਰਣਾਂ ਦਿੰਦਿਆਂ ਨਿਮਰਤਾ ਦੀ ਮਹੱਤਤਾ ਨੂੰ ਦਰਸਾਇਆ ਗਿਆ ਹੈ:

ਚਰਨ ਧੂੜ: ਚਰਨ ਧੂੜ ਲਈ ਰੇਣ ਸ਼ਬਦ ਪ੍ਰਯੋਗ ਕਰਦਿਆਂ ਗੁਰੂ ਅਰਜਨ ਦੇਵ ਜੀ ਹਉਮੈ ਦੂਰ ਕਰਕੇ ਇਤਨੀ ਨਿਮਰਤਾ ਪੈਦਾ ਕਰਨ ਲਈ ਕਹਿੰਦੇ ਹਨ ਜਿਵੇਂ ਅਸੀਂ ਲੋਕਾਂ ਦੇ ਪੈਰਾਂ ਦੀ ਧੂੜ ਹੋਈਏ:

*ਸਾਧੂ ਕੀ ਹੋਹੁ ਰੇਣੁਕਾ ਆਪਣਾ ਆਪੁ ਤਿਆਗੁ॥*
*ਉਪਾਵ ਸਿਆਣਪ ਸਗਲ ਛਡਿ ਗੁਰ ਕੀ ਚਰਣੀ ਲਾਗੁ॥*
*ਤਿਸਹਿ ਪਰਾਪਤਿ ਰਤਨੁ ਹੋਇ ਜਿਸੁ ਮਸਤਕਿ ਹੋਵੈ ਭਾਗੁ॥*

ਸਿਰੀ ਰਾਗ ਮਹਲਾ 5, ਪੰਨਾ 45

*ਪਹਿਲਾਂ ਮਰਣ ਕਬੂਲ ਜੀਵਨ ਕੀ ਛਡਿ ਆਸ॥*
*ਹੋਇ ਸਭਨ ਕੀ ਰੇਣੁਕਾ ਤਉ ਆਉ ਹਮਾਰੈ ਪਾਸ॥*

ਮਾਰੂ ਵਾਰ ਮਹਲਾ 5, ਪੰਨਾ 1102

*ਸਭ ਕੀ ਰੇਨੁ ਹੋਇ ਰਹੈ ਮਨੂਆ*
*ਸਗਲੇ ਦੀਸਹਿ ਮੀਤ ਪਿਆਰੇ॥*
*ਸਭ ਮਧੇ ਰਵਿਆ ਮੇਰਾ ਠਾਕੁਰੁ*
*ਦਾਨੁ ਦੇਤ ਸਭਿ ਜੀਅ ਸਮ੍ਹਾਰੇ॥*

ਆਸਾ ਮਹਲਾ 5, ਪੰਨਾ 379

*ਹੋਹੁ ਰੇਨ ਤੂ ਸਗਲ ਕੀ ਮੇਰੇ ਮਨ*
*ਤਉ ਅਨਦੁ ਮੰਗਲ ਸੁਖੁ ਪਾਈਐ॥*

ਸੋਰਠ ਮਹਲਾ 5, ਪੰਨਾ 614

*ਰਾਰਾ ਰੇਨ ਹੋਤ ਸਭ ਜਾਕੀ॥*
*ਤਜਿ ਅਭਿਮਾਨ ਛੁਟੈ ਤੇਰੀ ਬਾਕੀ॥*

ਗਉੜੀ ਮਹਲਾ 5, ਪੰਨਾ 259

ਪਤੀ-ਪਤਨੀ:

ਬਾਬਾ ਫਰੀਦ ਪਤੀ ਪਤਨੀ ਦੇ ਰਿਸ਼ਤੇ ਵਿਚ ਇਕਸੁਰਤਾ ਕਾਇਮ ਰੱਖਣ ਲਈ ਜਿਹਨਾਂ ਤਿੰਨਾਂ ਗੁਣਾਂ ਦਾ ਵਰਣਨ ਕਰਦੇ ਹਨ ਉਨ੍ਹਾਂ ਵਿਚ ਵੀ ਨਿਮਰਤਾ ਸ਼ਾਮਲ ਹੈ:

*ਨਿਵਣੁ ਸੁ ਅਖਰੁ ਖਵਣੁ ਗੁਣ ਜਿਹਬਾ ਮਣੀਆ ਮੰਤੁ॥*
*ਏਹ ਤ੍ਰੈ ਭੈਣੇ ਵੇਸ ਕਰਿ ਤਾ ਵਸਿ ਆਵੀ ਕੰਤੁ॥*

ਸਲੋਕ ਸੇਖ ਫਰੀਦ, ਪੰਨਾ 1384

ਗੁਰੂ ਨਾਨਕ ਦੇਵ ਜੀ ਮਾਣਮੱਤੀ ਇਸਤਰੀ ਨੂੰ ਆਖਦੇ ਹਨ ਕਿ ਜੇ ਸਹੁ ਦੀ ਪ੍ਰਾਪਤੀ ਕਰਨੀ ਹੈ ਤਾਂ ਮਾਣ ਨਾ ਕਰ:

*ਇਆਨੜੀਏ ਮਾਨੜਾ ਕਾਇ ਕਰੇਹਿ।*

ਤਿਲੰਗ ਮਹਲਾ 1, ਪੰਨਾ 722

ਇਕ ਮਾਣਮੱਤੀ ਇਸਤਰੀ ਜਦੋਂ ਆਪਣੀ ਸੱਸ ਅਗੇ ਨਹੀਂ ਨਿਵਦੀ ਤਾਂ ਉਸਨੂੰ ਬੜਾ ਸਪਸ਼ਟ ਉਪਦੇਸ਼ ਦਿੰਦੇਂ ਹਨ:

*ਉਤੰਗੀ ਪੈਓਹਰੀ ਗਹਿਰੀ ਗੰਭੀਰ॥*
*ਸਸੁੜਿ ਸੁਹੀਆ ਕਿਵ ਕਰੀ ਨਿਵਣੁ ਨ ਜਾਇ ਥਣੀ॥*

*ਗਚ ਜਿ ਲਗਾ ਗਿੜਵੜੀ ਸਖੀਏ ਧਉਲਹਰੀ॥*
*ਸੇ ਭਿ ਢਹਦੇ ਡਿਠ ਮੈ ਮੁੰਧ ਨ ਗਰਬੁ ਥਣੀ।*

ਸਲਾਕ ਮਹਲਾ 1, ਪੰਨਾ 1410

ਮਨੁੱਖ ਭਾਵੇਂ ਉਹ ਇਸਤਰੀ ਹੈ ਭਾਵੇਂ ਮਰਦ ਜਦੋਂ ਉਸ ਨੂੰ ਹੰਕਾਰ ਹੋ ਜਾਂਦਾ ਹੈ ਤਾਂ ਉਹ ਆਪਣੀ ਅਸਲੀ ਹੋਣੀ ਭੁੱਲ ਜਾਂਦਾ ਹੈ। ਜਿਹੜੇ ਲੋਕੀ ਇੱਜ਼ਤ ਅਤੇ ਮਾਣ ਵਿਚ ਮਸਤ ਰਹਿੰਦੇ ਹਨ ਉਨ੍ਹਾਂ ਲਈ ਫਰੀਦ ਜੀ ਫ਼ੁਰਮਾਉਂਦੇ ਹਨ:

*ਫਰੀਦਾ ਮੈ ਭੋਲਾਵਾ ਪਗ ਦਾ ਮਤ ਮੈਲੀ ਹੋ ਜਾਇ॥*
*ਗਹਿਲਾ ਰੂਹ ਨਾ ਜਾਣਹੀ ਸਿਰ ਭੀ ਮਿਟੀ ਖਾਇ॥*

ਸਲੋਕ ਫਰੀਦ ਜੀ, ਪੰਨਾ 1379

ਜਿਹੜਾ ਨਿਮਰ ਹੁੰਦਾ ਹੈ ਉਹ ਹੀ ਮਹੱਤਵ ਪੂਰਨ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਸਿੰਮਲ ਰੁੱਖ ਦੀ ਮਿਸਾਲ ਦਿੰਦੇ ਹਨ:

*ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ॥*
*ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ॥*
*ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ॥*
*ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆਂ ਤਤੁ॥*

ਸਿੰਮਲ ਦਾ ਰੁੱਖ ਸਰੂ ਵਰਗਾ ਸਿੱਧਾ ਹੁੰਦਾ ਹੈ। ਉਹ ਲੰਮਾ ਤੇ ਬਹੁਤ ਮੋਟਾ ਵੀ ਹੁੰਦਾ ਹੈ। ਉਸ ਦੇ ਸਰੂਪ ਨੂੰ ਵੇਖ ਕੇ ਪੰਛੀ ਫਲ ਦੀ ਆਸ ਵਿਚ ਆਉਂਦੇ ਹਨ। ਪਰ ਇਸ ਦੇ ਫਲ ਫਿੱਕੇ ਅਤੇ ਫੁਲ ਬੇਸੁਆਦੇ ਹਨ ਇਸ ਲਈ ਪੰਛੀ ਨਿਰਾਸ਼ ਹੋ ਕੇ ਚਲੇ ਜਾਂਦੇ ਹਨ। ਗੁਰੂ ਸਾਹਿਬ ਦਸਦੇ ਹਨ ਮਿਠਤ ਆਮ ਤੌਰ ਤੇ ਨੀਵੀਂ ਹੁੰਦੀ ਹੈ। ਜਿਵੇਂ ਬੇਰੀ ਦਾ ਰੁੱਖ ਛੋਟਾ ਹੁੰਦਾ ਹੈ ਪਰ ਉਸ ਨੂੰ ਮਿੱਠੇ ਬੇਰ ਲੱਗਦੇ ਹਨ।

ਇਸੇ ਸਲੋਕ ਦੇ ਅਗਲੇ ਹਿੱਸੇ ਵਿਚ ਨਿਮਰਤਾ ਬਾਰੇ ਹੋਰ ਸਪਸ਼ਟ ਕਰਦੇ ਹਨ ਕਿ ਨਿਮਰਤਾ ਕਿਸ ਤਰ੍ਹਾਂ ਦੀ ਹੋਣੀ ਚਾਹੀਦੀ ਹੈ:

*ਸਭੁ ਕੋ ਨਿਵੈ ਆਪ ਕਉ ਪਰ ਕਉ ਨਿਵੈ ਨ ਕੋਇ॥*
*ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ॥*
*ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ॥*
*ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ॥*

ਮਹਲਾ 1, ਵਾਰ ਆਸਾ ਪੰਨਾ 470

ਇਸ ਸਲੋਕ ਤੋਂ ਸਪਸ਼ਟ ਹੁੰਦਾ ਹੈ ਕਿ ਨਿਮਰਤਾ ਵਿਖਾਵੇ ਵਾਲੀ ਨਹੀਂ ਹੋਣੀ ਚਾਹੀਦੀ, ਤਹਿ ਦਿਲ ਤੋਂ ਨਿਮਰ ਹੋਣਾ ਚਾਹੀਦਾ ਹੈ।

ਅਸਲ ਵਿਚ ਨੀਵਾਂ ਹੋਣ ਦਾ ਅਰਥ ਇਹ ਨਹੀਂ ਕਿ ਇਸ ਨਾਲ ਮਨੁੱਖ ਦੀ ਹੋਂਦ ਖਤਮ ਹੋ ਜਾਂਦੀ ਹੈ ਸਗੋਂ ਉਹ ਕਿਸੇ ਵਡੇਰੀ ਹੋਂਦ ਨਾਲ ਜੁੜ ਕੇ ਅਸੀਮ ਹੋ ਜਾਂਦਾ ਹੈ।

ਕਲਕੱਤੇ ਦੇ ਇਕ ਮਹਾਂ ਪੰਡਿਤ ਹੋਏ ਹਨ ਕੇਸ਼ਵ ਚੰਦਰ ਉਹ ਇਕ ਸਮੇਂ ਚਰਚਾ ਕਰ ਰਹੇ ਸਨ। ਉਨ੍ਹਾਂ ਕੋਲ ਸਵਾਮੀ ਰਾਮ ਕ੍ਰਿਸ਼ਨ ਆ ਗਏ। ਕੇਸ਼ਵ ਚੰਦਰ ਨੇ ਆਪਣਾ ਸਿਰ ਝੁਕਾ ਕੇ ਨਮਸਕਾਰ ਕੀਤੀ ਪਰ ਸਵਾਮੀ ਰਾਮ ਕ੍ਰਿਸ਼ਨ ਜੀ ਨੇ ਪੰਡਤ ਕੇਸ਼ਵ ਚੰਦਰ ਦੇ ਚਰਨਾਂ ਤੇ ਨਮਸਕਾਰ ਕੀਤੀ। ਇਸ ਤੇ ਕੇਸ਼ਵ ਚੰਦਰ ਨੇ ਕਿਹਾ ਤੁਸੀਂ ਇੰਜ ਕਿਉਂ ਕਰ ਰਹੇ ਹੋ? ਸਵਾਮੀ ਜੀ ਨੇ ਕਿਹਾ ਅਸੀਂ ਸਾਰੇ ਹੀ ਇਕ ਦੂਜੇ ਦੇ ਚਰਨਾਂ ਉਤੇ ਇਤਨੀ ਹੀ ਸ਼ਰਧਾ ਨਾਲ ਝੁਕ ਸਕਦੇ ਹਾਂ ਜੇ ਸਾਨੂੰ ਪਤਾ ਹੋਵੇ ਕਿ ਅਸੀਂ ਕਿਸ ਅੱਗੇ ਝੁਕ ਰਹੇ ਹਾਂ। ਅਸਲ ਵਿਚ ਅਸੀਂ ਹਰ ਮਨੁੱਖ ਅੰਦਰ ਬੈਠੇ ਪ੍ਰਮਾਤਮਾ ਨੂੰ ਨਮਸਕਾਰ ਕਰਦੇ ਹਾਂ।

ਗੁਰਬਾਣੀ ਵਿਚ ਇਸ ਭਾਵ ਨੂੰ ਹੋਰ ਸਪਸ਼ਟ ਕੀਤਾ ਗਿਆ ਹੈ।

*ਜੋ ਦੀਸੈ ਗੁਰ ਸਿਖੜਾ ਤਿਸ*
*ਨਿਵ ਨਿਵ ਲਾਗਉ ਪਾਇ ਜੀਉ॥*

ਸੂਹੀ ਮਹਲਾ 5, ਪੰਨਾ 763

ਅਸੀਂ ਹਰ ਸਿੱਖ ਅੰਦਰ ਜੋ ਗੁਰੂ ਦੀ ਸਿੱਖਿਆ ਹੈ ਉਸਨੂੰ ਨਮਸਕਾਰ ਕਰਨੀ ਹੈ।

ਫਰੀਦ ਜੀ ਸਾਈਂ ਪ੍ਰਮਾਤਮਾ ਦੇ ਦਰ ਵਿਚ ਦਾਖਲ ਹੋਣ ਲਈ ਘਾਹ ਵਾਂਗ ਬਣਨ ਲਈ ਕਹਿੰਦੇ ਹਨ:

*ਫਰੀਦਾ ਥੀਓ ਪਵਾਹੀ ਦਭੁ ਜਿ ਸਾਈ ਲੋੜਹਿ ਸਭੁ॥*
*ਹਿਕ ਛਿਜੇ ਬਿਆ ਲਤਾੜੀਅਹਿ*
*ਤ ਸਾਈ ਦੇ ਦਰ ਵਾੜੀਅਹਿ॥*

ਸਲੋਕ ਫਰੀਦ ਜੀ, ਪੰਨਾ 1378

ਅਤੇ ਫਿਰ ਮਿੱਟੀ ਦੀ ਮਿਸਾਲ ਦਿੰਦਿਆਂ ਸਮਝਾਉਂਦੇ ਹਨ ਕਿ ਮਿੱਟੀ ਨੂੰ ਮਾੜਾ ਨਹੀਂ ਕਹਿਣਾ ਚਾਹੀਦਾ:

*ਫਰੀਕਾ ਖਾਕੁ ਨ ਨਿੰਦੀਐ ਖਾਕੂ ਜੇਡੁ ਨਾ ਕੋਇ॥*
*ਜੀਵਦਿਆਂ ਪੈਰਾ ਤਲੈ ਮੁਇਆ ਉਪਰਿ ਹੋਇ॥*

ਸਲੋਕ ਫਰੀਦ ਜੀ, ਪੰਨਾ 1378

ਨਿਮਰਤਾ ਦੇ ਭਾਵ ਦੀ ਕੋਈ ਰੀਸ ਨਹੀਂ ਹੋ ਸਕਦੀ ਨਿਮਰ ਭਾਵ ਵਾਲਾ ਬੰਦਾ ਭਾਵੇਂ ਵਰਤਮਾਨ ਵਿਚ ਵਧੀਕੀ ਸਹਾਰਦਾ ਹੈ ਪਰ ਮਨ ਨੂੰ ਕਾਬੂ ਵਿਚ ਰੱਖਣ ਕਰਕੇ ਉਸ ਦੀ ਆਤਮਕ ਅਵਸਥਾ ਬੜੀ ਉੱਚੀ ਹੁੰਦੀ ਹੈ ਜਿਹੜੀ

ਭਵਿੱਖ ਵਿਚ ਉਹਨੂੰ ਕਾਮਯਾਬੀ ਦਿਵਾਉਂਦੀ ਹੈ।

*ਹਰਿ ਭਇਓ ਖਾਂਡੁ ਰੇਤੁ ਮਹਿ*
*ਬਿਖਰਿਓ ਹਸਤੀ ਚੁਨਿ ਨ ਜਾਈ॥*
*ਕਹਿ ਕਮੀਰ ਕੁਲ ਜਾਤਿ ਪਾਂਤਿ*
*ਤਜਿ ਚੀਟੀ ਹੋਇ ਚੁਨਿ ਖਾਈ॥*

ਰਾਮਕਲੀ ਕਬੀਰ ਜੀ, ਪੰਨਾ 972

ਜਿਵੇਂ ਕੀੜੀ ਰੇਤ ਵਿਚੋਂ ਖੰਡ ਚੁਣ ਸਕਦੀ ਹੈ, ਪਰ ਹਾਥੀ ਨਹੀਂ ਤਿਵੇਂ ਜਾਤਿ ਵਰਣ ਕੁਲ ਆਦਿ ਦੇ ਅਭਿਮਾਨੀ ਸੰਸਾਰ ਰਚਨਾ ਤੋਂ ਗੁਣ ਲਾਭ ਨਹੀਂ ਕਰ ਸਕਦੇ, ਨਿਮਰ ਪੁਰਸ਼ ਹੀ ਸਾਰ ਗ੍ਰਹਿਣ ਕਰ ਸਕਦੇ ਹਨ।

ਜਿਹੜੇ ਆਪਣੇ ਆਪ ਨੂੰ ਨੀਵਾਂ ਸਮਝਦੇ ਹਨ ਲੋਕ ਉਨ੍ਹਾਂ ਨੂੰ ਸਭ ਤੋਂ ਉੱਚਾ ਗਿਣਦੇ ਹਨ। ਜਿਹੜੇ ਮਨ ਕਰਕੇ ਸਾਰਿਆਂ ਦੀ ਚਰਨ ਧੂੜ ਬਣਦੇ ਹਨ।

*ਆਪਸ ਕਉ ਜੋ ਜਾਣੈ ਨੀਚਾ॥*
*ਸੋਊ ਗਨੀਐ ਸਭ ਤੇ ਊਚਾ॥*

ਗਉੜੀ ਸੁਖਮਨੀ ਮਹਲਾ 5, ਪੰਨਾ 266

ਸਿੱਖ ਇਤਿਹਾਸ ਵਿਚ ਨਿਮਰਤਾ ਨੇ ਬੜਾ ਮਹੱਤਵਪੂਰਨ ਰੋਲ ਅਦਾ ਕੀਤਾ ਹੈ। ਜ਼ਿਕਰ ਆਉਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਸਪੁੱਤਰ ਬਾਬਾ ਸਿਰੀ ਚੰਦ ਜਿਹਨਾਂ ਨੇ ਉਦਾਸੀ ਪੰਥ ਦੀ ਸਥਾਪਨਾ ਕੀਤੀ ਜਦੋਂ ਉਹ ਗੁਰੂ ਰਾਮ ਦਾਸ ਜੀ ਨੂੰ ਮਿਲਣ ਆਏ ਤਾਂ ਗੁਰੂ ਰਾਮ ਦਾਸ ਜੀ ਨੇ ਉਨ੍ਹਾਂ ਦਾ ਸਤਿਕਾਰ ਕੀਤਾ। ਬਾਬਾ ਸਿਰੀ ਚੰਦ ਜੀ ਨੇ ਗੁਰੂ ਜੀ ਨੂੰ ਮਖੌਲ ਕਰਦਿਆਂ ਆਖਿਆ ਕਿ ਇਤਨਾ ਲੰਬਾ ਦਾਹੜਾ ਕਿਉਂ ਵਧਾਇਆ ਹੋਇਆ ਹੈ? ਗੁਰੂ ਜੀ ਨੇ ਨਿਮਰਤਾ ਸਹਿਤ ਉਤਰ ਦਿੱਤਾ ਕਿ ਆਪ ਜਿਹੇ ਮਹਾਂਪੁਰਖਾਂ ਦੇ ਚਰਨ ਝਾੜਨ ਲਈ। ਇਸ ਤੇ ਬਾਬਾ ਸਿਰੀ ਚੰਦ ਜੀ ਨਿਰੁੱਤਰ ਹੋ ਗਏ। ਉਸ ਦਿਨ ਤੋਂ ਬਾਅਦ ਉਨ੍ਹਾਂ ਦਾ ਗੁਰੂ ਘਰ ਨਾਲ ਪ੍ਰੇਮ ਵਧ ਗਿਆ ਅਤੇ ਉਨ੍ਹਾਂ ਸਮਾਂ ਆਉਣ 'ਤੇ ਆਪਣਾ ਉਤਰਾਧਿਕਾਰੀ ਗੁਰੂ ਹਰਿਗੋਬਿੰਦ ਜੀ ਦੇ ਸਪੁੱਤਰ ਬਾਬਾ ਗੁਰਦਿੱਤਾ ਜੀ ਨੂੰ ਬਣਾਇਆ ਜਿਸ ਕਾਰਨ ਉਦਾਸੀ ਪੰਥ ਨੇ ਆਉਣ ਵਾਲੇ ਸਮੇਂ ਵਿਚ ਸਿੱਖ ਲਹਿਰ ਵਿਚ ਇਕ ਸਹਿਯੋਗੀ ਵਜੋਂ ਕਾਰਜ ਕੀਤਾ। ਇਸ ਤਰ੍ਹਾਂ ਗੁਰੂ ਰਾਮ ਦਾਸ ਜੀ ਦੀ ਨਿਮਰਤਾ ਨੇ ਉਦਾਸੀ ਪੰਥ ਅਤੇ ਸਿੱਖ ਧਰਮ ਨੂੰ ਨੇੜੇ ਨੇੜੇ ਲਿਆਉਣ ਵਿਚ ਵੱਡਾ ਹਿੱਸਾ ਪਾਇਆ।

ਗੁਰਬਾਣੀ ਦੀਆਂ ਹੇਠ ਲਿਖੀਆਂ ਤੁਕਾਂ ਵਿਚ ਹਉਮੈ ਗੁਆਉਣ ਅਤੇ ਨਿਮਰਤਾ ਲਿਆਉਣ ਲਈ ਉਪਦੇਸ਼ ਦਿੱਤਾ ਹੈ:

*ਸੁਖੀ ਬਸੈ ਮਸਕੀਨੀਆ ਆਪੁ ਨਿਵਾਰਿ ਤਲੇ॥*
*ਬਡੇ ਬਡੇ ਅਹੰਕਾਰੀਆ ਨਾਨਕ ਗਰਬਿ ਗਲੇ॥*

ਗਉੜੀ ਸੁਖਮਨੀ ਮਹਲਾ 5, ਪੰਨਾ 278

ਜਿਹੜੇ ਨਿਰ ਅਭਿਮਾਨ ਹੋ ਕੇ ਆਪਾ ਭਾਵ ਖਤਮ ਕਰਕੇ ਨੀਵੇਂ ਹੋ ਜਾਂਦੇ ਹਨ ਉਹ ਸੁਖੀ ਜੀਵਨ ਬਿਤਾਉਂਦੇ ਹਨ।

*ਕਰਿ ਕਿਰਪਾ ਜਿਸ ਕੈ ਹਿਰਦੈ ਗਰੀਬੀ ਬਸਾਵੈ॥*
*ਨਾਨਕ ਈਹਾ ਮੁਕਤੁ ਆਗੈ ਸੁਖੁ ਪਾਵੈ॥*

ਗਉੜੀ ਸੁਖਮਨੀ ਮਹਲਾ 5, ਪੰਨਾ 278

*ਮਨ ਤੂੰ ਮਤ ਮਾਣ ਕਰਹਿ*
*ਜਿ ਹਉ ਕਿਛੁ ਜਾਣਦਾ*
*ਗੁਰਮੁਖਿ ਨਿਮਾਣਾ ਹੋਹੁ॥*

ਆਸਾ ਮਹਲਾ 3 ਛੰਤ, ਪੰਨਾ 441

*ਜੇ ਲੋੜਹਿ ਚੰਗਾ ਆਪਣਾ*
*ਕਰਿ ਪੁੰਨਹੁ ਨੀਚੁ ਸਦਾਈਐ॥*

ਮਹਲਾ 1, ਵਾਰ ਆਸਾ ਪੰਨਾ 465

*ਦਾਸਨਿ ਦਾਸੁ ਹੋਵੈ ਤਾ ਹਰਿ ਪਾਏ*
*ਵਿਚਹੁ ਆਪੁ ਗਵਾਈ॥*

ਸੋਰਠਿ ਮਹਲਾ 3, ਪੰਨਾ 600

*ਸੰਤਹੁ ਇਹੁ ਬਤਾਵਹੁ ਕਾਰੀ॥*
*ਜਿਤੁ ਹਉਮੈ ਗਰਬੁ ਨਿਵਾਰੀ॥ ਰਹਾਉ॥*
*ਸਰਬ ਭੂਤ ਪਾਰਬ੍ਰਹਮ ਕਰਿ ਮਾਨਿਆ*
*ਹੋਵਾਂ ਸਗਲ ਰੇਨਾਰੀ॥*
*ਪੇਖਿਓ ਪ੍ਰਭ ਜੀਉ ਆਪਨੈ ਸੰਗੇ ਚੂਕੈ ਭੀਤਿ ਭ੍ਰਮਾਰੀ॥*

ਸੋਰਠਿ ਮਹਲਾ 5, ਪੰਨਾ 616

ਗੁਰਬਾਣੀ ਵਿਚ ਨਿਮਰਤਾ ਨੂੰ ਇਕ ਹਥਿਆਰ ਖੰਨਾ ਭਾਵ ਖੰਡਾ ਖੜਗ ਦੱਸਿਆ ਹੈ। ਗੁਰੂ ਜੀ ਅਨੁਸਾਰ ਇਸ ਸ਼ਾਂਤ ਮਈ ਹਥਿਆਰ ਅੱਗੇ ਕੋਈ ਵਿਕਾਰੀ ਨਹੀਂ ਟਿਕ ਸਕਦਾ।

*ਗਰੀਬੀ ਗਦਾ ਹਮਾਰੀ॥*
*ਖੰਨਾ ਸਗਲ ਰੇਨੁ ਛਾਰੀ॥*
*ਇਸੁ ਆਗੈ ਕੋ ਨ ਟਿਕੈ ਵੇਕਾਰੀ॥*
*ਗੁਰ ਪੂਰੇ ਏਹ ਗਲ ਸਾਰੀ॥*

ਸੋਰਠਿ ਮਹਲਾ 5, ਪੰਨਾ 628

ਹਉਮੈ ਗੁਆਉਣ ਅਤੇ ਨਿਮਰਤਾ ਧਾਰਨ ਕਰਨ ਸਬੰਧੀ ਬੁੱਧ ਧਰਮ ਵਿਚ ਇਕ ਕਹਾਣੀ ਬਿਆਨ ਕੀਤੀ ਜਾਂਦੀ

ਹੈ। ਬੋਧੀਆਂ ਵਿਚ ਜਦੋਂ ਵੀ ਕੋਈ ਸ਼ਿਸ਼ ਆਪਣੇ ਗੁਰੂ ਨੂੰ ਮਿਲਦਾ ਹੈ ਉਹ ਹਰ ਵਾਰੀ ਅਸ਼ਟਾਂਗ ਨਮਸਕਾਰ ਕਰਦਾ ਹੈ। ਅਸ਼ਟਾਂਗ ਨਮਸਕਾਰ ਤੋਂ ਭਾਵ ਹੈ ਜਿਸ ਨਮਸਕਾਰ ਵਿਚ ਹੱਥ, ਸਿਰ, ਛਾਤੀ, ਗੋਡੇ, ਪੈਰ, ਬਾਣੀ, ਦ੍ਰਿਸ਼ਟੀ ਅਤੇ ਅੰਤਹਕਰਨ ਸਬੰਧਿਤ ਹੋਣ। ਕੋਈ ਸ਼ਿਸ਼ ਭਾਵੇਂ ਅਨੇਕ ਵਾਰੀ ਆਪਣੇ ਗੁਰੂ ਦੇ ਸਾਹਮਣੇ ਜਾਵੇ ਉਸ ਨੂੰ ਇਹ ਨਮਸਕਾਰ ਕਰਨੀ ਪੈਂਦੀ ਹੈ। ਇਕ ਨਵੇਂ ਸ਼ਿਸ਼ ਨੇ ਕਿੰਤੂ ਪ੍ਰੰਤੂ ਕੀਤਾ। ਗੁਰੂ ਨੇ ਕਿਹਾ ਇਹ ਪ੍ਰੰਪਰਾ ਬਣੀ ਹੋਈ ਹੈ ਤੂੰ ਵੀ ਇਸੇ ਤਰ੍ਹਾਂ ਕਰੀ ਚੱਲ। ਪਹਿਲਾਂ ਪਹਿਲਾਂ ਸ਼ਿਸ਼ ਔਖਾ ਹੋਇਆ ਪਰ ਹੌਲੀ ਹੌਲੀ ਉਸ ਦੇ ਮਨ ਵਿਚੋਂ ਹੰਕਾਰ ਅਤੇ ਹਉਮੈ ਧੁਲਣੀ ਸ਼ੁਰੂ ਹੋਈ ਅਤੇ ਉਸ ਅੰਦਰ ਨਿਮਰਤਾ ਦਾ ਵਾਸਾ ਹੋਇਆ। ਫਿਰ ਉਹ ਗਿਆਨ ਪ੍ਰਾਪਤ ਕਰਨ ਦੇ ਯੋਗ ਹੋਇਆ।

ਜਦੋਂ ਤਕ ਨਿਮਰਤਾ ਨਹੀਂ ਆਉਂਦੀ ਉਦੋਂ ਤਕ ਅਸਲੀ ਗਿਆਨ ਦੀ ਪ੍ਰਾਪਤੀ ਨਹੀਂ ਹੋ ਸਕਦੀ। ਜੇ ਨਿਮਰਤਾ ਨਹੀਂ ਤਾਂ ਮਨੁੱਖ ਸੋਚਦਾ ਹੈ ਕਿ ਮੈਨੂੰ ਸਭ ਕੁਝ ਆਉਂਦਾ ਹੈ। ਜਦੋਂ ਤਕ ਅਸੀਂ ਇਹ ਸਮਝਦੇ ਹਾਂ ਕਿ ਸਾਨੂੰ ਸਭ ਕੁਝ ਆਉਂਦਾ ਹੈ ਉਦੋਂ ਤਕ ਅਸੀਂ ਕੁਝ ਸਿੱਖ ਨਹੀਂ ਸਕਦੇ। ਭਰੇ ਹੋਏ ਬਰਤਨ ਵਿਚ ਕੁਝ ਨਹੀਂ ਪੈ ਸਕਦਾ। ਚੋਟੀ ਉਤੇ ਪਾਣੀ ਨਹੀਂ ਠਹਿਰ ਸਕਦਾ।

ਗੁਰਬਾਣੀ ਅਤੇ ਗੁਰੂ ਸਿਧਾਂਤਾਂ ਦੇ ਮਹਾਨ ਵਿਆਖਿਆਕਾਰ ਭਾਈ ਗੁਰਦਾਸ ਜੀ ਨਿਮਰਤਾ ਲਈ ਗਰੀਬੀ ਸ਼ਬਦ ਵਰਤਦਿਆਂ ਪੈਰਾਂ ਦੀ ਮਿਸਾਲ ਦਿੰਦੇ ਹਨ:

*ਮਾਣਸੁ ਦੇਹ ਸੁ ਖੇਹ ਹੈ*
*ਤਿਸੁ ਵਿਚਿ ਜੀਭੈ ਲਈ ਨਕੀਬੀ॥*
*ਅਖੀਂ ਦੇਖਨਿ ਰੂਪ ਰੰਗ*
*ਰਾਗ ਨਾਦ ਕੰਨ ਕਰਨ ਰਕੀਬੀ॥*
*ਨਕਿ ਸੁਵਾਸੁ ਨਿਵਾਸੁ ਹੈ*
*ਪੰਜੇ ਦੂਤ ਬੁਰੀ ਤਰਤੀਬੀ॥*
*ਸਭਦੂੰ ਨੀਵੇ ਚਰਨ ਹੋਇ*
*ਆਪੁ ਗਵਾਇ ਨਸੀਬੁ ਨਸੀਬੀ॥*
*ਹਉਮੈ ਰੋਗੁ ਮਿਟਾਇਦਾ*
*ਸਤਿਗੁਰ ਪੂਰਾ ਕਰੇ ਤਬੀਬੀ॥*
*ਪੈਰੀ ਪੈ ਰਹਿਰਾਸ ਕਰਿ ਗੁਰੂ*
*ਸਿਖ ਸੁਣਿ ਗੁਰਸਿਖ ਮਨੀਬੀ॥*
*ਮੁਰਦਾ ਹੋਇ ਮੁਰੀਦੁ ਗਰੀਬੀ॥*

ਵਾਰ 4, ਪਉੜੀ 3

ਅਜੋਕੇ ਸਮਾਜ ਵਿਚ ਨਿਮਰਤਾ ਦੇ ਭਾਵ ਦੀ ਬਹੁਤ ਲੋੜ ਹੈ। ਖਾਸ ਕਰਕੇ ਉਚੇਰੀਆਂ ਪਦਵੀਆਂ ਨੂੰ ਧਾਰਨ ਕੀਤੇ ਸ਼ਖਸ ਜਿਹਨਾਂ ਉਤੇ ਸਮਾਜ ਦੇ ਕਲਿਆਣ ਦੀ ਜ਼ਿੰਮੇਵਾਰੀ ਹੈ ਉਹ ਆਪਣੀ ਹਉਮੈ ਤੋਂ ਉਚੇ ਉਠ ਕੇ ਪ੍ਰੇਮ ਭਾਵ ਅਤੇ ਨਿਮਰਤਾ ਨਾਲ ਕਿਰਿਆਸ਼ੀਲ ਹੋਣ ਤਾਂ ਮਨੁੱਖਤਾ ਦਾ ਨਿਸਚੇ ਹੀ ਵਧੇਰੇ ਭਲਾ ਹੋ ਸਕਦਾ ਹੈ।

*422, ਸੈਕਟਰ 15-ਏ, ਚੰਡੀਗੜ੍ਹ*

# ਆਦਰਸ਼ ਕੀਰਤਨੀਏ ਦੇ ਗੁਣ

ਗੁਰਦੀਪ ਸਿੰਘ

ਗੁਰਮਤਿ ਸੰਗੀਤਕਾਰਾਂ ਨੂੰ ਕੀਤਰਨੀਏ ਕਿਹਾ ਜਾਂਦਾ ਹੈ ਕੀਰਤਨੀਏ ਲਈ ਗੁਰਮਤਿ ਸੰਗੀਤ ਦੀ ਤਾਲੀਮ ਲੈਣੀ ਲਾਜ਼ਮੀ ਹੈ। ਪ੍ਰਭੂ ਦੀ ਕੀਰਤੀ ਨੂੰ ਰਸਨਾ ਦੁਆਰਾ ਗਾਇਨ ਕਰਨਾ ਕੀਰਤਨ ਹੈ। ਗੁਰਬਾਣੀ ਨੂੰ ਸੰਗੀਤ ਦੁਆਰਾ ਨਿਰਧਾਰਤ ਰਾਗਾਂ ਵਿਚ ਗਾਇਨ ਕਰਨਾ ਸਿੱਖ ਧਰਮ ਦਾ ਸਿਰਮੌਰ ਕਰਮ ਕੀਰਤਨ ਮੰਨਿਆ ਗਿਆ ਹੈ। ਟੁੱਟੀਆਂ ਹੋਈਆਂ ਸੁਰਤਾਂ ਕੀਰਤਨ ਦੁਆਰਾ ਇਕ ਸੁਰ ਹੋ ਕੇ ਪਰਮ ਅਨੰਦ ਨਾਲ ਜੁੜਦੀਆਂ ਹਨ। ਬਾਣੀ ***'ਅੰਮ੍ਰਿਤ ਰਸੁ ਹਰਿ ਕੀਰਤਨੋ'*** ਪੀਣ ਲਈ ਉਪਦੇਸ਼ ਦਿੰਦੀ ਹੈ। ਗੁਰੂ ਅਰਜਨ ਦੇਵ ਜੀ ***'ਕਲਜੁਗ ਮਹਿ ਕੀਰਤਨੁ ਪਰਧਾਨਾ'*** ਮੰਨਦੇ ਹਨ ਤੇ ਇਸ ਕੀਰਤਨ ਨੂੰ ਸਦਾ ਗਾਇਨ ਕਰਨਾ ਹੈ। ਭਾਈ ਗੁਰਦਾਸ ਜੀ ***'ਰਤਨ ਪਦਾਰਥ ਗੁਰ ਸ਼ਬਦ ਹਰਿ ਕੀਰਤਨ ਖਾਹੁ'*** ਲਈ ਪ੍ਰੇਰਣਾ ਦਿੰਦੇ ਹਨ। ਗੁਰੂ ਗ੍ਰੰਥ ਸਾਹਿਬ ਜੀ ਦੇ ਰਾਗ, ਗਾਇਨ ਸ਼ੈਲੀਆਂ ਤੇ ਗੁਰਬਾਣੀ ਦੇ ਅਰਥ ਬੋਧ ਸਬੰਧੀ ਗਿਆਨ ਹੋਣ ਨਾਲ ਕੀਰਤਨੀਏ ਦੇ ਕੀਰਤਨ ਵਿਚ ਖਾਸ ਤਰ੍ਹਾਂ ਦੀ ਖਿੱਚ ਪੈਦਾ ਹੁੰਦੀ ਹੈ। ਪਰ ਇਹ ਸਾਰਾ ਕੁਝ ਆਉਣ ਤੇ ਵੀ ਕੀਰਤਨੀਏ ਨੂੰ ਕੀਰਤਨ ਵਿਚ ਆਪਣੀ ਵਿਦਵਤਾ ਦੇ ਦਿਖਾਵੇ ਲਈ ਨਹੀਂ ਕਰਨਾ ਚਾਹੀਦਾ।

ਸਿੱਖ ਧਰਮ ਵਿਚ ਹਰ ਵਿਅਕਤੀ ਨੂੰ ਕੀਰਤਨ ਕਰਨ ਦੀ ਖੁੱਲ੍ਹ ਹੈ ਪਰ ਇਹ ਦਾਤ ਕਿਸੇ ਭਾਗਾਂ ਵਾਲੇ ਨੂੰ ਮਿਲਦੀ ਹੈ। ਭਾਗਾਂ ਵਾਲੇ ਦਾ ਹੀ ਮਨ ਕੀਰਤਨ ਵਿਚ ਜੁੜਦਾ ਹੈ। ਆਪਣਾ ਉੱਦਮ ਹੁੰਦਿਆਂ ਹੋਇਆਂ ਵੀ ਵਾਹਿਗੁਰੂ ਦੀ ਮਿਹਰ ਸਦਕਾ ਇਹ ਦਾਤ ਪ੍ਰਾਪਤ ਹੁੰਦੀ ਹੈ। ਕੀਰਤਨੀਏ ਨੂੰ ਆਪਣਾ ਉਦਮ ਨਹੀਂ ਛੱਡਣਾ ਚਾਹੀਦਾ।

ਕੀਰਤਨ ਅਕਾਲ ਪੁਰਖ ਦੇ ਸ਼ੁਕਰਾਨੇ ਲਈ ਕਰਨਾ ਚਾਹੀਦਾ ਹੈ। 'ਆਸਾ ਦੀ ਵਾਰ' ਨਾਲ ਗਾਇਨ ਕੀਤੇ ਸ਼ਬਦਾਂ ਵਿਚ ਅਸੀਂ ਹਰ ਰੋਜ਼ ਗਾਉਂਦੇ ਸੁਣਦੇ ਹਾਂ:

***ਕੋਈ ਗਾਵੈ ਰਾਗੀ ਨਾਦੀ ਬੇਦੀ***
***ਬਹੁ ਭਾਤਿ ਕਰਿ***
***ਨਹੀ ਹਰਿ ਹਰਿ ਭੀਜੈ ਰਾਮ ਰਾਜੇ॥***
***ਜਿਨਾ ਅੰਤਰਿ ਕਪਟੁ ਵਿਕਾਰੁ ਹੈ***
***ਤਿਨਾ ਰੋਇ ਕਿਆ ਕੀਜੈ॥***
***ਹਰਿ ਕਰਤਾ ਸਭੁ ਕਿਛੁ ਜਾਣਦਾ***
***ਸਿਰਿ ਰੋਗ ਹਥੁ ਦੀਜੈ।***
***ਜਿਨਾ ਨਾਨਕ ਗੁਰਮੁਖਿ ਹਿਰਦਾ ਸੁਧੁ ਹੈ***
***ਹਰਿ ਭਗਤ ਹਰਿ ਲੀਜੈ॥***

ਅੰਗ 450

ਸਤਿਗੁਰ ਜੀ ਫੁਰਮਾਉਂਦੇ ਹਨ ਜਿਹੜੇ ਮਨੁੱਖ ਦੂਜਿਆਂ ਨੂੰ ਸੁਣਾਉਣ ਵਾਸਤੇ ਭਗਤੀ ਦੇ ਗੀਤ ਗਾਉਂਦੇ ਹਨ, ਪਰ ਉਨ੍ਹ ਦਾ ਚਿੱਤ ਵਿਚ ਮੰਦੇ ਖਿਆਲ (ਮੌਜੂਦ) ਹਨ। ਜਿਹੜੇ ਹੋਰਨਾਂ ਨੂੰ ਰਾਗ-ਦ੍ਵੈਖ ਤੋਂ ਬਚਣ ਦੀਆਂ ਗੱਲਾਂ ਸੁਣਾ ਕੇ ਅਖਵਾਉਂਦੇ ਹਨ ਕਿ ਅਸੀਂ ਰਾਗ ਦ੍ਵੈਖ ਤੋਂ ਬਚੇ ਹੋਏ ਹਾਂ ਪ੍ਰਮਾਤਮਾ ਦੇ ਨਾਮ ਸਿਮਰਨ ਤੋਂ ਬਿਨਾਂ ਉਨ੍ਹਾਂ ਦੇ ਮਨ ਵਿਚ ਝੂਠ (ਵਸਦਾ) ਹੈ। ਉਨ੍ਹਾਂ ਦੇ ਮਨ ਵਿਚ ਕੁਕਰਮ ਟਿਕੇ ਹੋਏ ਹਨ:

***ਗਾਵਹਿ ਗੀਤੇ ਚੀਤਿ ਅਨੀਤੇ॥***
***ਰਾਗ ਸੁਣਾਇ ਕਹਾਵਹਿ ਬੀਤੇ॥***

ਅੰਗ 414

ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ ਜੇ ਗੁਰੂ ਨੂੰ ਚੰਗਾ ਲੱਗੇ, ਜੇ ਗੁਰੂ ਮਿਹਰ ਕਰੇ, ਉਸਦੀ ਕਿਰਪਾ ਸਦਕਾ ਉਸਦੀ ਸ਼ਰਨ ਆਇਆ ਮਨੁੱਖ ਕੀਰਤਨ ਕਰਦਾ ਹੈ, ਪ੍ਰਮਾਤਮਾ ਦੇ ਗੁਣ ਗਾਉਂਦਾ ਹੈ। ਉਸਦਾ ਮਨ ਪ੍ਰਭੂ ਦੇ ਨਾਮ ਵਿਚ ਰੰਗਿਆ ਜਾਂਦਾ ਹੈ ਤੇ ਉਸਦਾ ਜੀਵਨ ਸੋਹਣਾ ਬਣ ਜਾਂਦਾ ਹੈ। ਕਈ ਮਨੁੱਖ ਐਸੇ ਹਨ ਜੋ ਭਗਤੀ ਦੇ ਗੀਤ ਗਾਉਂਦੇ ਤਾਂ ਰਹਿੰਦੇ ਹਨ ਪਰ ਉਨ੍ਹਾਂ ਦੇ ਮਨ ਵਿਚ ਕੋਈ ਅਨੰਦ ਪੈਦਾ ਨਹੀਂ ਹੁੰਦਾ ਕਿਉਂਕਿ ਉਹ ਹਉਮੈ ਵਿਚ ਕੀਰਤਨ ਕਰਦੇ ਹਨ, ਹਉਮੈ ਵਿਚ ਭਗਤੀ ਦੇ ਗੀਤ ਗਾਉਂਦੇ ਹਨ ਉਨ੍ਹਾਂ ਦਾ ਇਹ ਉਦਮ ਵਿਅਰਥ ਜਾਂਦਾ ਹੈ:

***ਇਕਿ ਗਾਵਤ ਰਹੇ ਮਨਿ ਸਾਦੁ ਨ ਪਾਇ॥***
***ਹਉਮੈ ਵਿਚਿ ਗਾਵਹਿ ਬਿਰਥਾ ਜਾਇ॥***

ਅੰਗ 158

ਸਿੱਖ ਧਰਮ ਵਿਚ ਕੀਰਤਨ ਦੀ ਪ੍ਰਥਾ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਅਰੰਭ ਹੁੰਦੀ ਹੈ। ਰਬਾਬ ਦੀਆਂ ਮਧੁਰ ਧੁਨਾਂ ਨਾਲ ਬਾਣੀ ਦੇ ਗਾਇਨ ਨੇ ਜਾਦੂ ਦਾ ਅਸਰ ਕੀਤਾ। ਸ੍ਰੀ ਗੁਰੂ ਨਾਨਕ ਦੇਵ ਜੀ ਨੇ 19 ਰਾਗਾਂ ਵਿਚ, ਸ੍ਰੀ ਗੁਰੂ ਅੰਗਦ ਦੇਵ ਜੀ ਨੇ 10 ਰਾਗਾਂ ਵਿਚ, ਗੁਰੂ ਅਮਰਦਾਸ ਜੀ ਨੇ 17 ਰਾਗਾਂ ਵਿਚ, ਗੁਰੂ ਰਾਮਦਾਸ ਜੀ ਨੇ 29 ਰਾਗਾਂ ਵਿਚ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ 30 ਰਾਗਾਂ

ਵਿਚ ਬਾਣੀ ਦਾ ਉਚਾਰਨ ਕੀਤਾ। ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਕੀਰਤਨ ਦੇ ਨਾਲ ਢਾਡੀਆਂ ਦੁਆਰਾ ਢੱਡ ਤੇ ਸਾਰੰਗੀ ਨਾਲ ਵਾਰਾਂ ਗਾਇਨ ਕਰਨ ਦੀ ਪ੍ਰਥਾ ਵੀ ਆਰੰਭ ਹੋ ਗਈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ 15 ਰਾਗਾਂ ਵਿਚ ਬਾਣੀ ਦਾ ਉਚਾਰਨ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੰਨਾ 14 ਤੋਂ 1352 ਤਕ ਸਾਰੀ ਬਾਣੀ ਰਾਗ ਬੱਧ ਹੈ। ਸਾਧ ਸੰਗਤ ਵਿਚ ਕੀਰਤਨ ਗਾਉਣਾ ਜਾਂ ਸੁਣਨਾ ਵੱਡੇ ਭਾਗਾਂ ਵਾਲਿਆਂ ਦੇ ਹਿੱਸੇ ਆਉਂਦਾ ਹੈ। ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ:

*ਸਾਧਸੰਗਿ ਹਰਿ ਕੀਰਤਨੁ ਗਾਈਐ॥*
*ਕਹੁ ਨਾਨਕ ਵਡਭਾਗੀ ਪਾਈਐ॥੪॥*

ਅੰਗ 179

ਗੁਰਬਾਣੀ ਵਿਚ ਕੀਰਤਨ ਨੂੰ ਇਤਨੀ ਮਹਾਨਤਾ ਦਿੱਤੀ ਗਈ ਹੈ ਕਿ ਮਨੁੱਖ ਜਨਮ ਦਾ ਜੋ ਸਭ ਤੋਂ ਵੱਡਾ ਦੁੱਖ ਹੈ ਜਨਮ ਮਰਨ ਦਾ ਉਹ ਵੀ ਕੀਰਤਨ ਗਾਉਣ ਨਾਲ ਕੱਟਿਆ ਜਾਂਦਾ ਹੈ ਅਤੇ ਯਮਾਂ ਦੇ ਵਸ ਨਹੀਂ ਪੈਂਦਾ:

*ਦਿਨਸੁ ਰੈਨਿ ਹਰਿ ਕੀਰਤਨੁ ਗਾਈਐ॥*
*ਸੋ ਜਨੁ ਜਮ ਕੀ ਵਾਟ ਨ ਪਾਈਐ॥*

ਅੰਗ 386

ਹਰੀ ਦੇ ਕੀਰਤਨ ਦੁਆਰਾ ਮਨ ਦੇ ਵਿਕਾਰ ਦੂਰ ਹੁੰਦੇ ਹਨ, ਮਨ ਵਿਚੋਂ ਵੈਰ ਵਿਰੋਧ ਮਿਟ ਜਾਂਦੇ ਹਨ। ਸਭ ਪ੍ਰਕਾਰ ਦੇ ਕਲੇਸ਼ ਦੂਰ ਹੋ ਜਾਂਦੇ ਹਨ ਤੇ ਸੁਖ ਦੀ ਪ੍ਰਾਪਤੀ ਹੁੰਦੀ ਹੈ। ਇਥੋਂ ਤਕ ਕਿ ਕੀਰਤਨ ਇਸ ਲੋਕ ਵਿਚ ਵੀ ਤੇ ਪ੍ਰਲੋਕ ਵਿਚ ਵੀ ਸਹਾਈ ਹੁੰਦਾ ਹੈ। ਸਤਿਗੁਰੂ ਜੀ ਫੁਰਮਾਉਂਦੇ ਹਨ।

*ਐਸਾ ਕੀਰਤਨੁ ਕਰਿ ਮਨ ਮੇਰੇ॥*
*ਈਹਾ ਊਹਾ ਜੋ ਕਾਮਿ ਤੇਰੈ॥੧॥ ਰਹਾਉ॥*

ਅੰਗ 236

ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪਾਦਨ ਸਮੇਂ ਹਰੇਕ ਬਾਣੀ ਦੇ ਅਰੰਭ ਵਿਚ ਉਸ ਬਾਣੀ ਦੇ ਰਾਗ ਦਾ ਨਾਂ ਲਿਖ ਦਿੱਤਾ ਹੈ। ਇਸ ਤੋਂ ਸਪਸ਼ਟ ਹੈ ਕਿ ਗੁਰਬਾਣੀ ਇਨ੍ਹਾਂ ਰਾਗਾਂ ਵਿਚ ਗਾਈ ਜਾਣੀ ਹੈ। ਭਾਵੇਂ ਇਸ ਬਾਣੀ ਨੂੰ ਪੜ੍ਹਨ, ਸੁਣਨ ਤੇ ਗਾਉਣ ਦਾ ਉਪਦੇਸ਼ ਗੁਰੂ ਸਾਹਿਬ ਨੇ ਕੀਤਾ ਹੈ। ਪਰ ਇਸ ਨੂੰ ਸੰਗਤ ਰੂਪ ਵਿਚ ਗਾ ਕੇ ਕੀਰਤਨ ਕਰਨ ਦੀ ਵਿਸ਼ੇਸ਼ ਮਹਾਨਤਾ ਹੈ। ਸਤਿਗੁਰੂ ਜੀ ਨੇ ਬਾਣੀ ਨੂੰ ਗਾਉਣ ਦਾ ਉਪਦੇਸ਼ ਗੁਰਬਾਣੀ ਵਿਚ ਇਸ ਤਰ੍ਹਾਂ ਕੀਤਾ ਹੈ:

*ਗੁਰਬਾਣੀ ਗਾਵਹੁ ਭਾਈ॥*
*ਓਹ ਸਫਲ ਸਦਾ ਸੁਖਦਾਈ॥*

ਅੰਗ 628

ਗੁਰਬਾਣੀ ਪੜ੍ਹਨ ਜਾਂ ਸੁਣਨ ਨਾਲ ਕਈ ਵਾਰ ਮਨ ਨਹੀਂ ਜੁੜਦਾ ਪਰ ਜਦੋਂ ਇਹ ਰਾਗ ਦੀਆਂ ਧੁਨਾਂ ਵਿਚ ਗਾਈ ਜਾਂਦੀ ਹੈ ਤਾਂ ਮਨ ਵਿਸਮਾਦ ਵਿਚ ਆ ਜਾਂਦਾ ਹੈ। ਇਸੇ ਲਈ ਸਤਿਗੁਰੂ ਕੀਰਤਨ ਨੂੰ ਨਿਰਮੋਲਕ ਹੀਰਾ ਕਹਿੰਦੇ ਹਨ:

*ਕੀਰਤਨ ਨਿਰਮੋਲਕ ਹੀਰਾ॥*
*ਅਨੰਦ ਗੁਣੀ ਗਹੀਰਾ॥*

ਅੰਗ 893

ਜਿਥੇ ਹਰਿ-ਜਸ ਕੀਰਤਨ ਹੁੰਦਾ ਹੈ ਉਥੇ ਸਵਰਗ ਬਣ ਜਾਂਦਾ ਹੈ। ਗੁਰਬਾਣੀ ਵਿਚ ਫੁਰਮਾਨ ਹੈ:

*ਤਹਾ ਬੈਕੁੰਠ ਜਹ ਕੀਰਤਨੁ*
*ਤੇਰਾ ਤੂ ਆਪੇ ਸਰਧਾ ਲਾਇਹਿ॥*

ਅੰਗ 749

ਅੱਜ-ਕਲ੍ਹ ਕਲਜੁਗ ਦਾ ਸਮਾਂ ਚੱਲ ਰਿਹਾ ਹੈ। ਗੁਰਬਾਣੀ ਅਨੁਸਾਰ ਕਲਜੁਗ ਵਿਚ ਨਾਮ ਦੀ ਹੀ ਵਡਿਆਈ ਹੈ। ਗੁਰਬਾਣੀ ਕੀਰਤਨ ਵਿਚ ਕਿਉਂਕਿ ਪ੍ਰਮਾਤਮਾ ਦਾ ਹੀ ਜਸ ਹੁੰਦਾ ਹੈ ਇਸ ਲਈ ਕਲਜੁਗ ਵਿਚ ਗੁਰਬਾਣੀ ਕੀਰਤਨ ਨੂੰ ਪ੍ਰਧਾਨਤਾ ਦਿੱਤੀ ਗਈ ਹੈ:

*ਕਲਜੁਗ ਮਹਿ ਕੀਰਤਨੁ ਪਰਧਾਨਾ॥*
*ਗੁਰਮੁਖਿ ਜਪੀਐ ਲਾਇ ਧਿਆਨਾ॥*

ਅੰਗ 1075

ਗੁਰਬਾਣੀ ਵਿਚ ਕੀਰਤਨ ਨੂੰ ਪ੍ਰਧਾਨਤਾ ਤਾਂ ਦਿੱਤੀ ਗਈ ਹੈ ਪਰ ਕੇਵਲ ਸੱਚੀ ਬਾਣੀ ਦੇ ਕੀਰਤਨ ਨੂੰ ਹੀ ਗੁਰਬਾਣੀ ਵਿਚ ਪ੍ਰਧਾਨਤਾ ਮਿਲੀ ਹੈ:

*ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ*
*ਗਾਵਹੁ ਸਚੀ ਬਾਣੀ॥*
*ਬਾਣੀ ਤ ਗਾਵਹੁ ਗੁਰੂ ਕੇਰੀ*
*ਬਾਣੀਆ ਸਿਰਿ ਬਾਣੀ॥*

ਅੰਗ 917

ਇਸ ਤਰ੍ਹਾਂ ਗੁਰੂ ਸਾਹਿਬਾਨ ਦੁਆਰਾ ਉਚਾਰਨ ਕੀਤੀ ਬਾਣੀ ਦਾ ਕੀਰਤਨ ਹੀ ਗੁਰਬਾਣੀ ਕੀਰਤਨ ਅਖਵਾ ਸਕਦਾ ਹੈ। ਗੁਰਬਾਣੀ ਤੋਂ ਬਿਨਾਂ ਕੱਚੀ ਬਾਣੀ ਗਾਉਣਾ ਕੀਰਤਨ ਨਹੀਂ ਅਖਵਾਉਂਦਾ। ਗੁਰਮਤਿ ਅਨੁਸਾਰ ਹਰਿ ਕੀਰਤਨ ਦੀਆਂ ਧੁਨਾਂ ਹੀ ਉਤਮ ਧੁਨਾਂ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ:

*ਹਰਿ ਕੀਰਤਨ ਮਹਿ ਊਤਮ ਧੁਨਾ॥*
*ਨਾਨਕ ਗੁਰ ਮਿਲਿ ਗਾਇ ਗੁਨਾ॥*

ਅੰਗ 1182

ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਪ੍ਰਭੂ ਦਾ ਖਜ਼ਾਨਾ ਐਸਾ ਹੈ ਜਿਸ ਵਿਚ ਉਸਦਾ ਕੀਰਤਨ ਇਕ

ਅਜਿਹਾ ਹੀਰਾ ਹੈ ਜਿਸਦਾ ਮੁੱਲ ਨਹੀਂ ਪੈ ਸਕਦਾ। ਉਸ ਕੀਰਤਨ ਦੀ ਬਰਕਤ ਨਾਲ ਗੁਣਾਂ ਦੇ ਮਾਲਕ ਪ੍ਰਭੂ ਦੇ ਮਿਲਾਪ ਦਾ ਆਨੰਦ ਪ੍ਰਾਪਤ ਹੁੰਦਾ ਹੈ।

***ਕੀਰਤਨ ਨਿਰਮੋਲਕ ਹੀਰਾ॥***
***ਆਨੰਦ ਗੁਣੀ ਗਹੀਰਾ॥***

ਅੰਗ 893

ਚੰਗਾ ਕੀਰਤਨੀਆ ਸਿਰਫ਼ ਪ੍ਰਮਾਤਮਾ ਦੇ (ਚਰਨਾਂ) ਵਿਚ ਲਿਵ ਲਾਈ ਰੱਖਦਾ ਹੈ। ਸਿਰਫ਼ ਪ੍ਰਮਾਤਮਾ ਦੀ ਸਿਫਤ ਸਲਾਹ ਦਾ ਗੀਤ ਗਾਉਂਦਾ ਰਹਿੰਦਾ ਹੈ। ਉਸਦੀ ਸੁਰਤਿ ਪ੍ਰਮਾਤਮਾ ਵਿਚ ਟਿਕੀ ਰਹਿੰਦੀ ਹੈ। ਉਹ ਸਤਿ, ਸੰਤੋਖ (ਆਦਿ ਗੁਣਾਂ) ਨੂੰ ਪੰਜ (ਕਿਸਮ ਦੇ ) ਸਾਜ਼ ਬਣਾਉਂਦਾ ਹੈ। ਪ੍ਰਭੂ ਚਰਨਾਂ ਵਿਚ ਲੀਨ ਰਹਿ ਕੇ ਦੁਨੀਆ ਦੀ ਕਿਰਤ ਕਾਰ ਕਰਦਾ ਹੈ ਇਹੀ ਉਸ ਵਾਸਤੇ ਸੱਤ ਸੁਰਾਂ (ਸਾ ਰੇ ਗਾ ਮਾ ਪਾ ਧਾ ਨੀ ਸਾ) ਦਾ ਅਲਾਪ ਹੈ। ਉਹ ਮਨੁੱਖ ਆਪਣੀ ਤਾਕਤ ਦਾ ਭਰੋਸਾ ਤਿਆਗਦਾ ਹੈ-ਇਹ ਉਸਦਾ ਵਾਜਾ (ਵਜਾਉਣਾ) ਹੈ। ਉਹ ਮਨੁੱਖ ਮੰਦੇ ਪਾਸੇ ਪੈਰ ਨਹੀਂ ਧਰਦਾ-ਇਹੀ ਉਸ ਵਾਸਤੇ ਤਾਨ-ਪਲਟਾ (ਆਲਾਪ) ਹੈ। ਉਹ ਮਨੁੱਖ ਗੁਰੂ ਦੇ ਸ਼ਬਦ ਨੂੰ ਆਪਣੇ ਪੱਲੇ ਬੰਨ੍ਹੀ ਰੱਖਦਾ ਹੈ। ਹਿਰਦੇ ਵਿਚ ਵਸਾਈ ਰੱਖਦਾ ਹੈ। ਇਹ ਸ਼ਬਦ ਦੀ ਬਰਕਤ ਨਾਲ ਉਸਨੂੰ ਕਦੇ ਜਨਮ ਮਰਨ ਦਾ ਗੇੜ ਨਹੀਂ ਹੁੰਦਾ-ਇਹੀ (ਰਾਸ ਪਾਉਣ ਵੇਲੇ) ਉਸਦੀ ਨਾਚ ਭੁਆਟਣੀ ਹੈ। ਜੇ ਕਰੋੜਾਂ ਵਿਚੋਂ ਕੋਈ ਮਨੁੱਖ ਆਪਣੇ ਪ੍ਰਮਾਤਮਾ ਨੂੰ ਪਿਆਰਾ ਲੱਗਣ ਲੱਗ ਪੈਂਦਾ ਹੈ ਤਾਂ ਉਹ ਪ੍ਰਭੂ ਦਾ ਇਹ ਕੀਰਤਨ ਗਾਉਂਦਾ ਹੈ:

***ਜੇ ਕੋ ਅਪਨੇ ਠਾਕੁਰ ਭਾਵੈ॥***
***ਕੋਟਿ ਮਧਿ ਏਹੁ ਕੀਰਤਨੁ ਗਾਵੈ॥***

ਅੰਗ 885

ਕੀਰਤਨ ਵਿਚ ਇਤਨੀ ਭਾਰੀ ਖਿੱਚ ਹੈ ਕਿ ਸਿੱਖ ਇਸਤਰੀ, ਮਰਦਾਂ ਦੀ ਚੋਖੀ ਗਿਣਤੀ ਵਿਚ ਇਸ ਨੂੰ ਸਿੱਖਣਾ ਚਾਹੁੰਦੀ ਹੈ। ਬਹੁਤ ਲੋਕ ਸਿੱਖਣਾ ਸ਼ੁਰੂ ਕਰ ਦਿੰਦੇ ਹਨ ਪਰ ਥੋੜੇ ਸਮੇਂ ਬਾਅਦ ਉਹ ਛੱਡ ਦਿੰਦੇ ਹਨ। ਕਈ ਗੁਜ਼ਾਰੇ ਮਾਤਰ ਸਿੱਖ ਕੇ ਰਹਿ ਜਾਂਦੇ ਹਨ। ਸਫ਼ਲ ਕੀਰਤਨੀਆ ਬਣਨ ਲਈ ਰਾਗ ਅਤੇ ਤਾਲ ਦੀ ਮਿਹਨਤ ਜ਼ਰੂਰੀ ਹੈ। ਸ਼ਬਦ ਦਾ ਅੱਖਰ ਅੱਖਰ ਸਪਸ਼ਟ ਗਾਇਆ ਜਾਵੇ। ਨਾਲ ਹੀ ਸ਼ਬਦ ਦੇ ਅਰਥ ਤੇ ਭਾਵ ਦੀ ਸੋਝੀ ਹੋਵੇ। ਜੇ ਕੀਰਤਨੀਏ ਦਾ ਗੁਰਮੁਖਾਂ ਵਾਲਾ ਅਮਲੀ ਜੀਵਨ ਹੋਵੇ ਤਾਂ ਐਸੇ ਕੀਰਤਨੀਏ ਦੀ ਮਹਿਮਾ ਕੌਣ ਕਹਿ ਸਕਦਾ ਹੈ?

ਭਾਈ ਮਨਸ਼ਾ ਸਿੰਘ ਜੀ ਰਾਗੀ ਸ੍ਰੀ ਹਰਿਮੰਦਰ ਸਾਹਿਬ ਵਿਚ ਰਸ ਭਰਿਆ ਕੀਰਤਨ ਕਰਦੇ ਅਤੇ ਗੁਰਮੁਖੀ ਜੀਵਨ ਬਤੀਤ ਕਰਦੇ ਸਨ। ਇਸ ਲਈ ਉਨ੍ਹਾਂ ਦੇ ਬਚਨਾਂ ਨੂੰ ਕਦੇ ਕੋਈ ਮੋੜਦਾ ਨਹੀਂ ਸੀ। ਮਹਾਰਾਜਾ ਰਣਜੀਤ ਸਿੰਘ ਲਾਹੌਰੋਂ ਇਸ ਖਿਆਲ ਨਾਲ ਸ੍ਰੀ ਅੰਮ੍ਰਿਤਸਰ ਪੁੱਜੇ ਕਿ ਐਸੇ ਉਚ ਕੋਟੀ ਦੇ ਗੁਰਮੁਖ ਕੀਰਤਨੀਏ ਨੂੰ ਅਸ਼ਰਫੀਆਂ ਭੇਟ ਕਰਕੇ ਦੌਲਤ ਨਾਲ ਮਾਲਾ ਮਾਲ ਕਰ ਦੇਈਏ। ਭਾਈ ਸਾਹਿਬ ਨੇ ਮਹਾਰਾਜਾ ਨੂੰ ਆਪਣੇ ਘਰ ਆਉਂਦਿਆਂ ਦੇਖ ਅਪਣੇ ਘਰ ਦਾ ਬੂਹਾ ਬੰਦ ਕਰ ਲਿਆ ਅਤੇ ਕਿਹਾ ਕਿ ਆਪ ਦੇ ਚਰਨਾ ਵਿਚ ਲੱਛਮੀ ਦਾ ਨਿਵਾਸ ਹੈ ਅਤੇ ਲੱਛਮੀ ਦੇ ਆਉਣ ਨਾਲ ਕੀਰਤਨ ਵਿਚ ਜੋ ਪ੍ਰੇਮ ਤੇ ਰਸ ਲਬਾ ਲਬ ਭਰਪੂਰ ਹੈ ਉਹ ਘਟ ਜਾਵੇਗਾ।

ਭਾਈ ਸੁੰਦਰ ਸਿੰਘ ਜੀ ਰਾਗੀ ਚਾਵਲ ਮੰਡੀ ਅੰਮ੍ਰਿਤਸਰ ਵਾਲੇ ਕੀਰਤਨ ਵਿਚ ਬੜੇ ਮਾਹਿਰ ਸਨ। ਸੰਸਾਰ ਪ੍ਰਸਿੱਧ ਲੇਖਕ ਸ੍ਰੀ ਰਵਿੰਦਰ ਨਾਥ ਟੈਗੋਰ ਨੋਬਲ ਪੁਰਸਕਾਰ ਜੇਤੂ ਅੰਮ੍ਰਿਤਸਰ ਆਏ। ਆਪ ਭਾਈ ਸੁੰਦਰ ਸਿੰਘ ਜੀ ਦਾ ਕੀਰਤਨ ਸੁਣ ਕੇ ਇਤਨੇ ਪ੍ਰਭਾਵਿਤ ਹੋਏ ਕਿ ਭਾਈ ਸਾਹਿਬ ਜੀ ਨੂੰ ਆਪਣੇ ਨਾਲ ਲੈ ਜਾਣ ਲਈ ਬੇਨਤੀ ਕੀਤੀ ਪਰ ਭਾਈ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਦੀ ਕੀਰਤਨ ਸੇਵਾ ਛੱਡ ਕੇ ਉਨ੍ਹਾਂ ਨਾਲ ਜਾਣ ਲਈ ਤਿਆਰ ਨਾ ਹੋਏ।

ਜੇ ਉਚ ਕੋਟੀ ਦੇ ਕੀਰਤਨੀਏ ਹੋਣ ਤਾਂ ਕੀਰਤਨ ਸ਼ੈਲੀ ਦਾ ਅਸਲ ਤੇ ਪੁਰਾਤਨ ਸਰੂਪ ਫਿਰ ਵਾਪਸ ਲਿਆਇਆ ਜਾ ਸਕਦਾ ਹੈ। ਪਿਓ ਦਾਦੇ ਦੇ ਖਜ਼ਾਨੇ ਵਿਚੋਂ ਆਪਣੇ ਵਿਰਸੇ ਦੀ ਸੰਭਾਲ ਕਰਕੇ ਗੁਰ ਅਸਥਾਨਾਂ ਵਿਚ ਰਾਗੁ ਵਿਹੂਣ ਕੀਰਤਨ ਦੀ ਥਾਂ ਰਾਗੁ ਅਧਾਰਤ ਕੀਰਤਨ ਦੀਆਂ ਧੁਨਾਂ ਗੂੰਜਦੀਆਂ ਰਹਿਣ ਤੇ ਅੱਜ ਦੇ ਪ੍ਰਚਲਿਤ ਸ਼ਬਦ ਗੀਤਾਂ ਤੇ ਅਧਾਰਤ ਕੀਰਤਨ ਦਰਬਾਰਾਂ ਦੀ ਥਾਂ ਤੇ ਗੁਰਮਤਿ ਸੰਗੀਤ ਅਧਾਰਤ ਅਦੁੱਤੀ ਕੀਰਤਨ ਦਰਬਾਰਾਂ ਦੇ ਪ੍ਰਵਾਹ ਚੱਲਦੇ ਰਹਿਣ।

ਉਚ ਕੋਟੀ ਦੇ ਕੀਰਤਨੀਏ (ਬਣਨ) ਦੇ ਗੁਣ

ਕੀਰਤਨੀਏ ਨੂੰ ਧਿਆਨ ਰੱਖਣਾ ਚਾਹੀਦਾ ਹੈ ਕਿ:

1 ਸ਼ਬਦ ਢੁਕਵਾਂ ਹੋਵੇ, ਬੇ ਮੌਕਾ ਨਹੀਂ, ਸ਼ਬਦ ਨੂੰ ਵੇਲੇ ਦੇ ਰਾਗ ਵਿਚ ਗਾਏ।

2 ਸੰਗੀਤ ਸੁਹਜਮਈ ਹੋਵੇ ਸ਼ੋਰੀਲਾ ਨਹੀਂ।

3 ਇਮਾਨਦਾਰ ਹੋਵੇ ਉਸਨੂੰ ਕੇਵਲ ਪੈਸੇ ਦੀ ਖਾਤਰ ਹੀ ਕੀਰਤਨ ਨਹੀਂ ਕਰਨਾ ਚਾਹੀਦਾ।

4 ਆਪਣੇ ਗਿਆਨ ਵਿਚ ਹਮੇਸ਼ਾਂ ਵਾਧਾ ਕਰਨ ਦਾ ਉਤਸੁਕ ਰਹਿੰਦਾ ਹੋਵੇ।

5 ਕੀਰਤਨੀਏ ਨੂੰ ਨਿਮਰਤਾ, ਸੇਵਾ, ਤਿਆਗ, ਚਰਿੱਤਰ ਨਿਰਮਾਣ ਅਤੇ ਅਨੁਸ਼ਾਸਨ ਵੱਲ ਧਿਆਨ ਦੇਣਾ ਚਾਹੀਦਾ ਹੈ।

6 ਸੰਗੀਤ ਵਿੱਦਿਆ ਦੀ ਪੱਧਤੀ ਦਾ ਪੂਰਾ ਗਿਆਨ ਹੋਵੇ।

7 ਵਿਅਕਤੀਤਵ ਸਖਸ਼ੀਅਤ ਪ੍ਰਭਾਵਸ਼ਾਲੀ ਹੋਵੇ। ਸਖਸ਼ੀਅਤ ਦੇ ਪ੍ਰਭਾਵਸ਼ਾਲੀ ਹੋਣ ਵਿਚ ਕੱਪੜਿਆਂ ਦਾ ਜਾਂ ਵੇਸ ਭੂਸਾ ਦਾ ਕੋਈ ਜ਼ਿਆਦਾ ਮਹੱਤਵ ਨਹੀਂ ਹੁੰਦਾ ਬਲਕਿ ਰਹਿਣ -ਸਹਿਣ, ਵਿਚਾਰਧਾਰਾ, ਸੁਭਾਵ ਪ੍ਰਵਿਰਤੀ, ਬੋਲਣ ਦਾ ਢੰਗ, ਤਹਿਜ਼ੀਬ, ਗਾਇਨ ਸ਼ੈਲੀ, ਸ਼ਾਸਤਰ ਗਿਆਨ ਅਤੇ ਅਨੁਭਵ ਅਨੇਕਾਂ ਤੱਤ ਹਨ ਜਿਹੜੇ ਵਿਅਕਤੀਤਵ ਵਿਚ ਸ਼ਾਮਲ ਹੁੰਦੇ ਹਨ।

8 ਬਿਰਤੀ ਦੀ ਇਕਾਗਰਤਾ, ਲਗਨ, ਮਿਹਨਤ ਅਤੇ ਅਭਿਆਸ ਇਹ ਗੁਣ ਹਨ ਜਿਹਨਾਂ ਨਾਲ ਚੰਗਾ ਕੀਰਤਨੀਆ ਬਣਿਆ ਜਾ ਸਕਦਾ ਹੈ।

9 ਗੁਰਬਾਣੀ ਦੇ ਕੀਰਤਨੀਏ ਨੂੰ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਰਾਗਾਂ ਦੀ ਜਾਣਕਾਰੀ ਤੋਂ ਅਤਿਰਿਕਤ ਭਾਰਤੀ ਸੰਗੀਤ ਵਿਚੋਂ ਹੋਰ ਵੀ ਰਾਗਾਂ ਦਾ ਗਿਆਨ ਹੋਣਾ ਚਾਹੀਦਾ ਹੈ ਨਹੀਂ ਤਾਂ ਉਹ ਗੁਰਬਾਣੀ ਦਾ ਰਾਗਾਂ ਦੀ ਸ਼ੁੱਧਤਾ ਨਹੀ ਰੱਖ ਸਕੇਗਾ।

10 ਕੀਰਤਨ ਕਰਨ ਸਮੇਂ ਨਿਰਧਾਰਤ ਰਾਗ ਦਾ ਅਤੇ ਸ਼ਬਦ ਦੇ ਉਚਾਰਨ ਦਾ ਪਹਿਲਾ ਚੰਗੀ ਤਰ੍ਹਾਂ ਅਭਿਆਸ ਕਰੇ।

11 ਤਾਰ ਤੇ ਸਾਜ਼ ਜਾਂ ਤਬਲਾ ਆਦਿ ਸਟੇਜ ਤੇ ਬੈਠਣ ਤੋਂ ਜ਼ਰਾ ਪਹਿਲਾਂ ਸੁਰ ਕਰ ਲਵੇ। ਮਾੜੀ ਮੋਟੀ ਕਸਰ ਤਾਂ ਸਟੇਜ ਤੇ ਕਰ ਲਵੇ ਪਰ ਸੁਰ ਕਰਨ ਵਿਚ ਸਮਾਂ ਬਹੁਤ ਲਾਉਣ ਨਾਲ ਸੰਗਤ ਉਤਾਵਲੀ ਹੋ ਜਾਂਦੀ ਹੈ।

12 ਵਿਚ ਵਿਚ ਸਾਜ਼ਾਂ ਦਾ ਧਿਆਨ ਰੱਖੇ ਕਿ ਸੁਰ ਵਿਚ ਰਹਿਣ ਬੇਸੁਰਾ ਤਬਲਾ ਜਾਂ ਬੇਸੁਰੀ ਤਾਰ ਕਿਸੇ ਸਾਜ ਦੀ ਚੰਗੀ ਨਹੀਂ ਲੱਗਦੀ।

13 ਅੱਜ ਕਲ੍ਹ ਮਾਈਕ ਤੇ ਲਾਊਡ ਸਪੀਕਰ ਦਾ ਯੁੱਗ ਹੈ। ਮੂੰਹ ਮਾਇਕ ਦੇ ਇੰਨਾ ਨੇੜੇ ਵੀ ਨਾ ਹੋਵੇ ਕਿ ਅਵਾਜ਼ ਭੜਾ ਜਾਵੇ ਤੇ ਸਰੋਤਿਆਂ ਦੇ ਕੰਨ ਖਾਵੇ ਜਾਂ ਸਪੀਕਰ ਚੀਕ ਪਵੇ। ਮਾਈਕ ਏਨੀ ਦੂਰੀ ਤੇ ਹੋਵੇ ਕਿ ਕੀਰਤਨੀਏ ਦੀ, ਤਬਲੇ ਦੀ ਜਾਂ ਹੋਰ ਸਾਜ਼ ਦੀ ਅਵਾਜ਼ ਲੋੜ ਅਨੁਸਾਰ ਸਰੋਤਿਆਂ ਤਕ ਪੁੱਜੇ।

14 ਸ਼ਬਦ ਗਾਇਨ ਵਿਚ ਲੈ ਜਾਂ ਨਿਰਧਾਰਤ ਤਾਲ ਦਾ ਬਹੁਤ ਮਹੱਤਵ ਹੈ। ਬੀਰ ਰਸ ਦੇ ਸ਼ਬਦ ਦੀ ਲੈਅ ਤੇਜ਼ ਹੁੰਦੀ ਹੈ। ਕਰੁਣਾ ਰਸ ਜਾਂ ਵੈਰਾਗਮਈ ਸ਼ਬਦਾਂ ਦੀ ਲੈਅ ਵਿਲੰਵਿਤ ਜਾਂ ਟਿਕਾਈ ਹੁੰਦੀ ਹੈ। ਮੁਖੱਤਰ ਮੱਧ ਲੈ ਵਿਚ ਵੀ ਕੀਰਤਨ ਕਰਨਾ ਉਚਿਤ ਹੈ।

ਕੀਰਤਨੀਏ ਨੂੰ ਉਪਰਕੋਤ ਤੋਂ ਇਲਾਵਾ ਆਪਣੇ ਵਿਚ ਪੰਜ ਗੁਣ: ਸੱਚਾਈ, ਸੰਤੋਖ, ਸਬਰ, ਗਰੀਬੀ ਤੇ ਸੇਵਾ ਧਾਰਨ ਕਰਨੇ ਚਾਹੀਦੇ ਹਨ। ਦੁਨਿਆਵੀ ਪਦਾਰਥਾਂ ਤੋਂ ਮਨ ਉਚਾ ਰੱਖਣਾ ਚਾਹੀਦਾ ਹੈ। ਕੀਰਤਨ ਐਸਾ ਹੋਣਾ ਚਾਹੀਦਾ ਹੈ ਜਿਸ ਨਾਲ ਮਨ ਨੂੰ ਖੁਸ਼ੀ ਤੇ ਸ਼ਾਂਤੀ ਮਿਲੇ।

*ਪੱਤ੍ਰਿਕਾ 'ਵਿਸਮਾਦ ਨਾਦ' ਵਿਚੋਂ ਧੰਨਵਾਦ ਸਹਿਤ*

# ਰਾਗ ਵਿਚ ਵਾਦੀ ਸੁਰ ਦੀ ਵਿਸ਼ੇਸ਼ਤਾ ਅਤੇ ਰਾਗ ਦੇ ਗਾਇਨ ਦੇ ਸਮੇਂ ਬਾਰੇ ਕਿਵੇਂ ਪਤਾ ਚੱਲਦਾ ਹੈ

ਨਰਿੰਦਰ ਪਾਲ ਸਿੰਘ

ਪਿਆਰੇ ਪਾਠਕੋ, ਹਿੰਦੁਸਤਾਨੀ ਸ਼ਾਸਤ੍ਰੀਯ (ਕਲਾਸੀਕਲ) ਸੰਗੀਤ ਵਿਚ ਦੋ ਸੁਰ ਜੋ ਕਿ ਬਹੁਤ ਹੀ ਮਹੱਤਵਪੂਰਨ ਲਗਦੇ ਹਨ। ਉਹ ਹਨ ਵਾਦੀ ਅਤੇ ਸੰਵਾਦੀ।

ਇਸ ਰਾਗ ਰੂਪੀ ਰਾਜ ਵਿਚ ਵਾਦੀ ਸੁਰ ਇਕ ਰਾਜੇ ਵਰਗਾ ਹੈ ਅਤੇ ਸੰਵਾਦੀ ਸੁਰ ਇਸਦਾ ਵਜ਼ੀਰ ਹੈ। ਅੱਜ ਅਸੀਂ ਵਾਦੀ ਸੁਰ ਦੇ ਬਾਰੇ ਇਸ ਲੇਖ ਵਿਚ ਵਿਚਾਰਾਂਗੇ। ਵਾਦੀ ਸੁਰ ਦੀ ਵਰਤੋਂ ਕਿਸੇ ਵੀ ਰਾਗ ਵਿਚ ਰਾਗ ਦੀ ਬਨਾਵਟ ਵਿਚ ਸ਼ੁਰੂ ਤੋਂ ਹੀ ਹੋ ਜਾਂਦੀ ਹੈ। ਬਾਰ ਬਾਰ ਵਾਦੀ ਸੁਰ ਤੇ ਆਉਣਾ ਹੀ ਰਾਗ ਦੀ ਪਹਿਚਾਣ ਹੈ। ਜੇਕਰ ਵਾਦੀ ਸੁਰ ਨਾ ਹੋਵੇ ਤਾਂ ਸਾਨੂੰ ਰਾਗ ਬਾਰੇ ਪਤਾ ਨਹੀਂ ਚੱਲ ਸਕਦਾ। ਕਿਉਂਕਿ ਵਾਦੀ ਸੁਰ ਦੇ ਬਦਲਦੇ ਹੀ ਰਾਗ ਦੀ ਬਣਤੇ ਬਦਲ ਜਾਏਗੀ ਅਤੇ ਉਹ ਰਾਗ ਜੇਕਰ ਰਾਤ ਵੇਲੇ ਗਾਉਣ ਦਾ ਹੈ ਤਾਂ ਉਹ ਦਿਨ ਵੇਲੇ ਦਾ ਹੋ ਜਾਵੇਗਾ। ਜੇਕਰ ਦਿਨ ਦੇ ਸਮੇਂ ਗਾਉਣ ਵਾਲਾ ਹੈ ਤਾਂ ਰਾਤ ਦੇ ਵੇਲੇ ਦਾ ਹੋ ਜਾਵੇਗਾ। ਕੇਵਲ ਰਾਗ ਹੀ ਨਹੀਂ ਸਗੋਂ ਠਾਠ ਤਕ ਦੀ ਤਬਦੀਲੀ ਹੋ ਜਾਏਗੀ। ਇਸਦਾ ਮਤਲਬ ਇਹ ਨਿਕਲਿਆ ਕਿ ਰਾਗ ਦਾ ਸਮਾਂ ਪਤਾ ਕਰਨਾ ਹੋਵੇ ਤਾਂ ਇਹ ਰਾਗ ਕਿਸ ਸਮੇਂ ਗਾਇਅ ਜਾਂਦਾ ਹੈ। ਸਭ ਤੋਂ ਮਹੱਤਵਪੂਰਨ ਹੈ ਉਸ ਰਾਗ ਦੇ ਵਾਦੀ ਸੁਰ ਦਾ ਗਿਆਨ।

ਹਿੰਦੁਸਤਾਨੀ ਸ਼ਾਸਤ੍ਰੀਯ ਸੰਗੀਤ ਵਿਚ 10 ਠਾਠਾਂ ਵਿਚੋਂ ਲਗਭਗ 200 ਰਾਗਾਂ ਦਾ ਨਿਰਮਾਣ ਹੁੰਦਾ ਹੈ। ਕਿਸੇ ਠਾਠ ਵਿਚ ਦੋ ਚਾਰ ਰਾਗ ਅਤੇ ਕਿਸੇ ਵਿਚੋਂ ਦੱਸ ਬਾਰਾਂ ਰਾਗ ਨਿਕਲਦੇ ਹਨ। ਕਿਹੜਾ ਰਾਗ ਕਿਸੇ ਵੇਲੇ ਗਾਇਆ ਜਾਂਦਾ ਹੈ, ਕਾਫੀ ਮੁਸ਼ਕਿਲ ਜਿਹਾ ਹੈ। ਇਨ੍ਹਾਂ ਲਗਭਗ 200 ਰਾਗਾਂ ਦਾ ਸਮਾਂ ਪਤਾ ਕਰਨਾ ਵੀ ਬਹੁਤ ਮੁਸ਼ਕਿਲ ਜਿਹਾ ਹੈ ਪਰ ਜੇਕਰ ਸਾਨੂੰ ਰਾਗ ਦੇ ਵਾਦੀ ਸੁਰ ਦਾ ਗਿਆਨ ਹੋ ਜਾਵੇ ਤਾਂ ਸਮਾਂ ਪਤਾ ਕਰਨਾ ਬੜਾ ਅਸਾਨ ਹੋ ਜਾਂਦਾ ਹੈ।

ਕਿਸੇ ਵੀ ਰਾਗ ਦਾ ਗਾਇਣ ਕਰਨ ਦਾ ਸਮਾਂ ਹਿੰਦੁਸਮਾਨੀ ਸੰਗੀਤ ਪੱਦਤੀ ਵਿਚ ਰਾਗਾਂ ਦੇ ਗਾਇਨ ਦੇ ਸਮੇਂ ਨੂੰ ਦਿਨ ਦੇ 24 ਘੰਟਿਆਂ ਨੂੰ ਦੋ ਭਾਗਾਂ ਵਿਚ ਵੰਡ ਲਵੋ। ਪਹਿਲਾ ਭਾਗ ਦਿਨ ਦੇ ਬਾਰਾਂ ਵਜੇ ਤੋਂ ਰਾਤ ਬਾਰਾਂ ਵਜੇ ਤਕ ਅਤੇ ਦੂਜਾ ਭਾਗ ਰਾਤ ਦੇ ਬਾਰਾਂ ਵਜੇ ਤੋਂ ਦਿਨ ਦੇ ਬਾਰਾਂ ਵਜੇ ਤੱਕ ਹੋਵੇਗ। ਪਹਿਲੇ ਭਾਗ ਨੂੰ ਪੂਰਵਾਂਗ ਅਤੇ ਦੂਜੇ ਭਾਗ ਨੂੰ ਉਤਰਾਂਗ ਕਿਹਾ ਜਾਂਦਾ ਹੈ।

ਪੂਰਵਾਂਗ: ਜੋ ਰਾਗ ਦਿਨ ਦੇ ਬਾਰਾਂ ਵਜੇ ਤੋਂ ਰਾਤ ਦੇ ਬਾਰਾਂ ਵਜੇ ਤਕ ਗਾਏ ਜਾਂ ਵਜਾਏ ਜਾਂਦੇ ਹਨ ਉਹ ਰਾਗ ਪੂਰਵਾਂਗ ਪਰਧਾਨ ਰਾਗ ਕਹੇ ਜਾਂਦੇ ਹਨ।

ਉਤਰਾਂਗ: ਜੋ ਰਾਗ ਰਾਤ ਦੇ ਬਾਰਾਂ ਵਜੇ ਤੋਂ ਦਿਨ ਦੇ ਬਾਰਾਂ ਵਜੇ ਤਕ ਗਾਏ ਜਾਂ ਵਜਾਏ ਜਾਂਦੇ ਹਨ ਉਹ ਰਾਗ ਉਤਰਾਂਗ ਪਰਧਾਨ ਰਾਗ ਕਹੇ ਜਾਂਦੇ ਹਨ।

ਪੂਰਵਾਂਗ ਅਤੇ ਉਤਰਾਂਗ ਦੇ ਨਾਲ ਸੁਰਾਂ ਦਾ ਵਾਦੀ ਸ਼ਬਦ ਵੀ ਜੋੜ ਲਵੋ। ਇਕ ਪੁਸਤਕ ਦੀ ਸਰਗਮ ਦੇ ਨਾਲ ਤਾਰ ਸਪਤਕ ਦਾ ਸਂ ਵੀ ਜੋੜ ਲਵੋ, ਹੁਣ ਅੱਠ ਸੁਰਾਂ ਹੋ ਜਾਣਗੀਆਂ। ਸਾ ਰੇ ਗਾ ਮਾ ਪਾ ਧਾ ਨੀ ਸਂ-ਸਾ ਰੇ ਗਾ ਪਾ ਅਤੇ ਪਾ ਧਾ ਨੀ ਸਂ ਇਨ੍ਹਾਂ ਸੁਰਾਂ ਨੂੰ ਦੋ ਭਾਗਾਂ ਵਿਚ ਵੰਡ ਲਵੋ। ਪਹਿਲਾ ਭਾਗ ਸਾ ਰੇ ਗਾ ਮਾ ਅਤੇ ਦੂਜਾ ਭਾਗ ਪਾ ਧਾ ਨੀ ਸਂ ਹੋ ਜਾਵੇਗਾ। ਪਹਿਲਾ ਭਾਗ ਪੂਰਵਾਂਗ ਅਤੇ ਦੂਜੇ ਭਾਗ ਨੂੰ ਉਤਰਾਂਗ ਕਿਹਾ ਜਾਏਗਾ।

ਪੂਰਵਾਂਗ: ਵਾਦੀ ਰਾਗ ਜਿਨ੍ਹਾਂ ਰਾਗਾਂ ਦੇ ਸੁਰ ਦਾ ਵਾਦੀ ਸੁਰ ਪੂਰਵਾਂਗ ਵਿਚ ਹੈ ਮਤਲਬ ਸਾ ਰੇ ਗਾ ਮਾ ਵਿਚੋਂ ਹੈ ਉਹ ਰਾਗ ਪੂਰਵਾਂਗ ਵਾਦੀ ਰਾਗ ਕਹੇ ਜਾਣਗੇ। ਇਸ ਤਰ੍ਹਾਂ ਦੇ ਰਾਗ ਦਿਨ ਦੇ ਪੂਰਵ ਭਾਗ ਦਿਨ ਦੇ ਬਾਰਾਂ ਵਜੇ ਤੋਂ ਰਾਤ ਦੇ ਬਾਰਾਂ ਵਜੇ ਤਕ ਗਾਏ ਜਾਂ ਵਜਾਏ ਜਾਂਦੇ ਹਨ।

ਉਤਰਾਂਗ: ਵਾਦੀ ਰਾਗ ਜਿਨ੍ਹਾਂ ਰਾਗਾਂ ਦੇ ਸੁਰ ਦਾ ਵਾਦੀ ਸੁਰ ਸਪਤਕ ਦੇ ਉਤਰਾਂਗ ਵਿਚੋਂ ਹੀ ਮਤਲਬ ਪਾ ਧਾ ਨੀ ਸਂ ਵਿਚੋਂ ਹੈ ਉਹ ਰਾਗ ਉਤਰਾਂਗ ਵਾਦੀ ਰਾਗ

ਕਹੇ ਜਾਣਗੇ। ਇਸ ਤਰ੍ਹਾਂ ਦੇ ਰਾਗ ਰਾਤ ਦੇ ਬਾਰਾਂ ਵਜੇ ਤੋਂ ਦਿਨ ਦੇ ਬਾਰਾਂ ਵਜੇ ਤਕ ਗਾਏ ਜਾਂ ਵਜਾਏ ਜਾਂਦੇ ਹਨ।

ਉਪਰ ਲਿਖੇ ਵਰਗੀਕਰਣ ਤੋਂ ਇਹ ਬਿਲਕੁਲ ਸਾਫ ਹੋ ਜਾਂਦਾ ਹੈ ਕਿ ਰਾਗ ਦਾ ਵਾਦੀ ਸੁਰ ਜਾਨਣ ਨਾਲ ਰਾਗ ਦੇ ਗਾਇਨ ਦਾ ਸਮਾਂ ਪਤਾ ਚੱਲ ਜਾਂਦਾ ਹੈ। ਜਿਸ ਤਰ੍ਹਾਂ ਕਿ ਰਾਗ ਆਸਾਵਾਰੀ ਦਾ ਵਾਦੀ ਧੁਰ ਧੈਵਤ (ਧਾ) ਹੈ ਮਤਲਬ ਸਪਤਕ ਦਾ ਉਤਰਾਂਗ ਸੁਰ ਹੈ। ਇਸ ਦੇ ਗਾਇਨ ਦਾ ਸਮਾਂ ਸਵੇਰ ਦਾ ਹੋਵੇਗਾ, ਮਤਲਬ ਰਾਤ ਦੇ ਬਾਰਾਂ ਵਜੇ ਤੋਂ ਦਿਨ ਦੇ ਬਾਰਾਂ ਵਜੇ ਤਕ। ਇਸੇ ਤਰ੍ਹਾਂ ਰਾਗ ਯਮਨ ਦਾ ਵਾਦੀ ਸੁਰ ਗੰਧਾਰ (ਗਾ) ਹੈ ਜੋ ਕਿ ਸਪਤਕ ਦੇ ਪੂਰਵਾਂਗ ਵਿਚੋਂ ਹੈ। ਯਮਨ ਰਾਗ ਦਾ ਗਾਇਨ ਦਾ ਸਮਾਂ ਰਾਤ ਦਾ ਪਹਿਲ ਪਹਿਰ ਹੈ। ਮਤਲਬ ਸਪਤਕ ਦੇ ਪੂਰਵਾਂਗ ਵਿਚੋਂ ਹੈ ਅਤੇ ਯਮਨ ਪੂਰਵਾਂਗ ਵਾਦੀ ਕਿਹ ਜਾਵੇਗਾ ਅਤੇ ਆਸਾਵਰੀ ਉਤਰਾਂਗ ਵਾਦੀ ਰਾਗ ਕਿਹਾ ਜਾਏਗਾ।

ਇਸ ਤਰ੍ਹਾਂ ਵਾਦੀ ਸੁਰ ਦਾ ਗਿਆਨ ਹੋਣਾ ਬਹੁਤ ਜ਼ਰੂਰੀ ਹੈ। ਇਸੇ ਲੇਖ ਵਿਚ ਪਿਛੇ ਤੁਸੀਂ ਪੜ੍ਹ ਆਏ ਹੋ ਕਿ ਵਾਦੀ ਸੁਰਾਂ ਦੀ ਤਬਦੀਲੀ ਨਾਲ ਰਾਗ ਹੀ ਬਦਲ ਜਾਂਦਾ ਹੈ ਅਤੇ ਉਸਦਾ ਸਮਾਂ ਵੀ ਬਦਲ ਜਾਂਦਾ ਹੈ ਅਤੇ ਨਾਲ ਹੀ ਉਸਦਾ ਠਾਠ ਵੀ ਬਦਲ ਜਾਂਦਾ ਹੈ। ਇਸ ਦਾ ਇਕ ਉਦਾਹਰਨ ਦੇ ਰਿਹਾ ਹਾਂ:

ਰਾਗ ਭੁਪਾਲੀ ਅਤੇ ਰਾਗ ਦੇਸ਼ਕਾਰ ਦੀ ਤੁਲਨਾ:

(1) ਦੋਵੇਂ ਹੀ ਉੜਵ੍-ਉੜਵ ਜਾਤੀ ਦੇ ਰਾਗ ਹਨ।

(2) ਦੋਵੇਂ ਰਾਗਾਂ ਵਿਚ ਸਾ ਰੇ ਗਾ ਪਾ ਧਾ ਸਂ ਸੁਰਾਂ ਲੱਗਦੀਆਂ ਹਨ ਪਰ ਰਾਗ ਭੁਪਾਲੀ ਕਲਿਆਣ ਠਾਠ ਵਿਚੋਂ ਹੈ ਅਤੇ ਦੇਸ਼ਕਾਰ ਬਿਲਾਵਲ ਵਿਚੋਂ ਹੈ। ਭੁਪਾਲੀ ਦਾ ਵਾਦੀ ਸੁਰ ਗ ਹੈ ਅਤੇ ਦੇਸ਼ਕਾਰ ਦਾ ਧ ਹੈ। ਭੁਪਾਲੀ ਪੂਰਵਾਂਗ ਵਾਦੀ ਅਤੇ ਦੇਸ਼ਕਾਰ ਉਤਰਾਂਗ ਵਾਦੀ ਹੈ। ਭੁਪਾਲੀ ਰਾਤ ਦੇ ਪਹਿਲੇ ਪਹਿਰ ਦਾ ਹੈ ਅਤੇ ਦੇਸ਼ਕਾਰ ਦਿਨ ਦੇ ਦੂਜੇ ਪਹਿਰ ਦਾ ਰਾਗ ਹੈ।

ਸੰਗੀਤ ਵਿਦਿਆਰਥੀਆਂ ਨੂੰ ਹੁਣ ਇਕ ਸ਼ੰਕਾ ਹੋਣੀ ਕੁਦਰਤੀ ਹੈ। ਉਹ ਇਹ ਕਿ ਕੁਝ ਰਾਗ ਹਰ ਵੇਲੇ ਗਾਇਨ ਕਰਨ ਵਾਲੇ ਸਰਵ ਕਾਲੀਨ ਕਿਉਂ ਕਹੇ ਜਾਂਦੇ ਹਨ। ਉਦਾਹਰਣ ਦੇ ਤੌਰ ਤੇ ਜਿਸ ਤਰ੍ਹਾਂ ਕਿ ਭੈਰਵੀ ਰਾਗ ਹੈ।

---

*ਗੁਰਮਤਿ ਸੰਗੀਤਕਾਰ, 14/8,*
*ਇੰਦਰਾ ਵਿਕਾਸ ਕਾਲੋਨੀ, ਦਿੱਲੀ*

# ਗੁਰਬਾਣੀ ਕੀਰਤਨ ਵਿਚ ਨਿਰਧਾਰਤ ਰਾਗਾਂ ਦਾ ਮਹੱਤਵ, ਪ੍ਰਯੋਗ ਤੇ ਪ੍ਰਸਾਰ

ਸਤਿਨਾਮ ਸਿੰਘ

ਗੁਰਮਤਿ ਸੰਗੀਤ ਦਾ ਵਿਰਸਾ ਬਹੁਤ ਅਮੀਰ ਹੈ। ਸੰਸਾਰ ਦੇ ਸੰਗੀਤ ਇਤਿਹਾਸ ਵਿਚ ਇਸ ਦਾ ਆਪਣਾ ਇਕ ਨਿਵੇਕਲਾ ਪ੍ਰੰਪਰਾਗਤ (ਵਿਸ਼ੇਸ਼) ਸਰੂਪ, ਪ੍ਰਵਾਣਿਤ ਗਾਇਨ-ਵਾਦਨ ਕੀਰਤਨ ਸ਼ੈਲੀ ਤੇ ਸਿੱਖ ਗੁਰੂ ਸਾਹਿਬਾਨ ਦੁਆਰਾ ਅਰੰਭੀ (ਮਹਾਨ) ਪ੍ਰਬੰਧਕੀ ਮਰਿਯਾਦਾ ਦੀ ਸਥਾਪਤ ਰੂਪ ਰੇਖਾ ਹੈ, ਜਿਸਦਾ ਸੰਗੀਤਕ ਅਧਾਰ ਨਿਰੋਲ ਰਾਗਾਤਮਕ ਹੈ। ਇਸ ਰਾਗਾਤਮਕ ਮਰਿਯਾਦਾ ਦਾ ਮੂਲ ਸੰਕੇਤ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਤੱਖ ਦਰਜ ਹੈ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੁੱਲ 62 ਰਾਗ, ਜਿਨ੍ਹਾਂ ਵਿਚੋਂ 31 ਰਾਗ ਸ਼ੁੱਧ (ਮੁੱਖ) ਅਤੇ 31 ਮਿਸ਼ਰਤ ਰਾਗ ਹਨ। ਜਿਨ੍ਹਾਂ ਜਿਨ੍ਹਾਂ ਰਾਗਾਂ ਵਿਚ ਜਿਹੜੇ ਜਿਹੜੇ ਸ਼ਬਦ ਦਰਜ ਹਨ, ਜੇਕਰ ਉਨ੍ਹਾਂ ਨੂੰ ਠੀਕ ਉਸੇ ਰਾਗ ਵਿਚ ਗਾਇਨ ਕੀਤਾ ਜਾਵੇ ਤਾਂ ਇਸ ਕੀਰਤਨ ਸ਼ੈਲੀ ਨੂੰ ਜਾਣਕਾਰ "ਨਿਰਧਾਰਤ ਰਾਗਾਂ ਵਿਚ ਕੀਰਤਨ" ਦੇ ਨਾਂਅ ਨਾਲ ਸੰਬੋਧਿਤ ਕਰਦੇ ਹਨ।

ਨਿਰਧਾਰਤ ਰਾਗਾਂ ਵਿਚ ਸ਼ਬਦ ਕੀਰਤਨ ਗਾਇਨ ਕਰਨ ਦੀ ਸ਼ੈਲੀ ਨੂੰ ਸਿੱਧ ਕਰਨਾ, ਆਪਣੇ ਆਪ ਵਿਚ ਇਕ ਲੰਮੇਰੀ ਕੀਰਤਨ, ਸਾਧਨਾ ਦਾ ਰੂਹਾਨੀ ਅਨੁਭਵ ਹੈ, ਜਿਸ ਨੂੰ ਸਿਰਫ਼ ਤੇ ਸਿਰਫ਼ ਗੁਰੂ ਕਿਰਪਾ ਦੁਆਰਾ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਾਗ ਦੋ ਸੰਗੀਤ ਪੱਧਤੀਆਂ (1) ਹਿੰਦੁਸਤਾਨੀ ਸੰਗੀਤ ਪੱਧਤੀ (2) ਦੱਖਣੀ ਸੰਗੀਤ ਪੱਧਤੀ ਤੇ ਅਧਾਰਤ ਹਨ। ਅਨੁਭਵੀਆਂ ਅਨੁਸਾਰ ਸੰਗੀਤ ਦੇ ਹਰ ਇਕ ਰਾਗ ਦਾ ਆਪਣਾ ਨਿੱਜੀ ਪਹਿਰਾਤਮਕ ਸੁਭਾਅ ਤੇ (ਪ੍ਰਗਟ) ਸੰਗੀਤ ਪ੍ਰਭਾਵ ਹੁੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਿਤਨੀ ਵੀ ਬਾਣੀ ਰਾਗਾਂ ਵਿਚ ਦਰਜ ਹੈ ਸਾਹਿਤਕ ਦ੍ਰਿਸ਼ਟੀ ਤੋਂ ਉਸ ਵਿਚ ਇਕ ਅਤਿ ਅਹਿਮ ਵਿਸ਼ੇਸ਼ਤਾ ਇਹ ਵੀ ਸੁਭਾਇਮਾਨ ਹੈ, ਕਿ ਗੁਰਸ਼ਬਦ ਜਿਸ ਰਾਗ ਦੇ ਅੰਤਰਗਤ ਦਰਜ ਹੈ, ਸਬੰਧਿਤ ਰਾਗ ਵਿਚ ਦਰਜ ਸ਼ਬਦ ਦੀ ਅੱਖਰੀ ਬਣਤਰ ਦਾ ਸੁਭਾਅ ਰਾਗ ਦੀਆਂ ਸੁਰਾਵਲੀਆਂ ਨਾਲ ਹੂ ਬ ਹੂ ਮੇਲ ਖਾਂਦਾ ਹੈ, ਜਿਸ ਨਾਲ ਕੀਰਤਨ ਸਮੇਂ ਸ਼ਬਦ ਦੇ ਭਾਵ ਹੋਰ ਉੱਘੜ ਕੇ ਸਾਹਮਣੇ ਆਉਣੇ ਸੁਭਾਵਕ ਹੀ ਹਨ।

ਪਰ ਵਰਤਮਾਨ ਸਮੇਂ ਵਿਚ ਇਸ ਸ਼ੈਲੀ ਦੇ ਕੀਰਤਨੀਆਂ ਦੀ ਸ਼੍ਰੇਣੀ ਬਹੁਤ ਹੀ ਸੀਮਿਤ ਹੋ ਕੇ ਰਹਿ ਗਈ ਹੈ ਜਿਸ ਕਰਕੇ ਇਸ ਦੇ ਪ੍ਰਵਚਨ ਤੇ ਵੀ ਬਹੁਤ ਮਾੜਾ ਅਸਰ ਹੋਇਆ ਹੈ। ਇਸ ਦਾ ਇਕ ਕਾਰਨ ਤਾਂ ਇਹ ਦੇਖਿਆ ਸੁਣਿਆ ਜਾਂਦਾ ਹੈ ਕਿ ਕੁਝ ਗੁਰਮਤਿ ਸੰਗੀਤ ਦੇ ਸਰੂਪ ਦੀ ਪਰਿਭਾਸ਼ਾ ਤੋਂ ਬਿਲਕੁਲ ਅਣਜਾਣ ਲੋਕ ਬੇਸਮਝੀ ਵਿਚ ਹੀ ਇਸ ਸ਼ੈਲੀ ਨੂੰ ਪੱਕੇ ਰਾਗ ਆਖ ਕੇ ਇਕ ਵੱਡੇ ਖਤਰਨਾਕ ਹਊਏ ਦੀ ਸ਼ਕਲ ਬਣਾਈ ਜਾ ਰਹੇ ਹਨ। ਜਦਕਿ ਅਸਲੀਅਤ ਵਿਚ ਇਸ ਦਾ ਕੱਚੇ ਜਾਂ ਪੱਕੇ ਨਾਲ ਕੋਈ ਦੂਰ ਤੱਕ ਦਾ ਵੀ ਵਾਸਤਾ ਨਹੀਂ। ਉਨ੍ਹਾਂ ਦਾ ਪੱਕੇ ਰਾਗਾਂ ਤੋਂ ਭਾਵ, ਸਿੱਧਾ ਸ਼ਾਸਤਰੀ ਸੰਗੀਤ ਨਾਲ ਜੋੜ ਦਿੱਤਾ ਜਾਂਦਾ ਹੈ। ਦਰਅਸਲ, ਸ਼ਾਸਤਰੀ ਸੰਗੀਤ ਦੇ ਕਾਇਦੇ ਮੁਤਾਬਕ ਗਾਇਨ ਵਾਦਨ ਸਮੇਂ ਰਾਗ ਦੀ ਸ਼ੁੱਧਤਾ, ਸੁਰ ਵਿਸਥਾਰ ਤੇ ਬਹੁਤ ਜ਼ਿਆਦਾ, ਭਾਵ, ਹਮੇਸ਼ਾਂ ਹੀ ਕਲਾਤਮਕ ਪੱਖ ਭਾਰੂ ਰਹਿੰਦਾ ਹੈ। ਪ੍ਰੰਤੂ ਦੂਜੇ ਪਾਸੇ, ਗੁਰਮਤਿ ਸੰਗੀਤ ਦਾ ਸਿੱਧਾ ਸਬੰਧ ਭਗਤੀ ਰਸ (ਪ੍ਰਭੂ ਭਗਤੀ) ਨਾਲ ਹੈ, ਜਿਸ ਤਹਿਤ ਰਾਗ ਦੂਸਰੇ ਦਰਜੇ ਅਤੇ ਸ਼ਬਦ ਦੀ ਹਮੇਸ਼ਾਂ ਪ੍ਰਧਾਨਤਾ ਕਾਇਮ ਰੱਖਣੀ ਗੁਰਮਤਿ ਮਰਿਯਾਦਾ ਅਨੁਸਾਰ ਅਤਿ ਲਾਜ਼ਮੀ ਹੈ।

ਦੂਜਾ ਮੁੱਖ ਕਾਰਨ ਇਹ ਬਣਦਾ ਹੈ ਕਿ ਰਾਗਾਂ ਵਿਚ ਕੀਰਤਨ ਗਾਇਣ ਕਰਨ ਲਈ ਸਰਬਪ੍ਰਥਮ ਪ੍ਰੰਪਰਾਗਤ ਗੁਰਬਾਣੀ ਸੰਗੀਤ ਦੀ ਵਿਧੀਪੂਰਵਕ ਤਾਲੀਮ ਘੱਟੋ ਘੱਟ 8 ਤੋਂ 10 ਵਰ੍ਹੇ ਤਕ ਦੇ ਸਮੇਂ ਲਈ ਜ਼ਰੂਰ ਪ੍ਰਾਪਤ ਕਰਨੀ ਚਾਹੀਦੀ ਹੈ, ਅਰਥਾਤ ਛੋਟੇ ਛੋਟੇ ਸੰਗੀਤ ਕੋਰਸਾਂ ਦੁਆਰਾ ਕਦਾਚਿਤ ਵੀ ਇਸ ਪੱਧਰ ਦੀ ਮੁਹਾਰਤ ਨੂੰ ਸਿੱਧ ਨਹੀਂ ਕੀਤਾ ਜਾ ਸਕਦਾ। ਕਿਉਂਕਿ ਮਿਹਨਤ ਦਾ ਇਹ ਸਫ਼ਰ ਬਹੁਤ ਲੰਮੇਰਾ ਹੈ, ਇਸ ਲਈ ਫਿਲਮੀ ਜਾਂ ਗੈਰ ਫਿਲਮੀ ਗੀਤਾਂ ਦੀਆਂ ਤਰਜ਼ਾਂ ਦਾ ਝੂਠਾ ਸਹਾਰਾ ਲੈ ਕੇ ਪ੍ਰਸਿਧੀ ਦਾ ਅਸਾਨ ਰਸਤਾ ਅਪਣਾਉਣਾ ਹੀ ਜਾਇਜ਼ ਸਮਝ ਲਿਆ ਜਾਂਦਾ ਹੈ। ਫਿਰ ਕਾਰਨ ਪੁੱਛੇ ਜਾਣ ਤੇ ਇਸ ਨੂੰ ਸਮੇਂ ਦੀ ਮੰਗ ਆਖ ਕੇ ਬੜੀ ਗੈਰ ਜ਼ਿੰਮੇਵਾਰੀ ਨਾਲ ਟਾਲ ਦਿੱਤਾ ਜਾਂਦਾ ਹੈ। ਸਮੇਂ ਦੀ ਦੱਸੀ ਜਾਂਦੀ ਇਸ ਅਖੌਤੀ ਮੰਗ ਨੂੰ ਜੇਕਰ ਗੌਰ ਨਾਲ ਸਮਝੀਏ ਤਾਂ ਨਤੀਜਾ ਇਹ ਨਿਕਲਦਾ ਹੈ ਕਿ ਗਾਇਨ ਤਾਂ ਭਾਵੇਂ ਸ਼ਬਦ ਹੀ ਕੀਤਾ ਜਾ ਰਿਹਾ ਹੁੰਦਾ ਹੈ ਪਰ ਉਸ ਦੀ ਧੁਨ ਦਾ ਅਧਾਰ ਕਿਸੇ

ਫਿਲਮੀ ਜਾਂ ਗੈਰ ਫਿਲਮੀ ਤੋਂ ਹੋਣ ਕਾਰਨ ਸੁਰਤੀ ਸ਼ਬਦ ਨਾਲ ਜੁੜਨ ਦੀ ਬਜਾਏ, ਗੀਤ ਦੀ ਤਰਜ਼ ਵੱਲ ਆਕਰਸ਼ਤ ਹੋ ਕੇ ਭਟਕਣਾ ਦੇ ਜਾਲ ਵਿਚ ਫਸ ਜਾਂਦੀ ਹੈ।

ਗੁਰਬਾਣੀ ਕੀਤਰਨ ਨੂੰ ਸਰਵਣ ਕਰਕੇ ਮਨੁੱਖੀ ਹਿਰਦੇ ਨੂੰ ਆਤਮ ਰਸ ਦੀ ਪ੍ਰਾਪਤੀ ਹੋਵੇ, ਇਸ ਖਾਸ ਮਕਸਦ ਦੀ ਪੂਰਤੀ ਲਈ ਗੁਰੂ ਸਾਹਿਬਾਨ ਵਲੋਂ ਰਾਗਾਂ ਵਿਚ ਸ਼ਬਦ ਗਾਇਨ ਕਰਨ ਦੀ ਸਖਤ ਹਦਾਇਤ ਕੀਤੀ ਗਈ ਹੈ। ਯਾਦ ਰਹੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ 55 ਪੜਤਾਲਾਂ, 22 ਵਾਰਾਂ ਅਤੇ ਵਾਰਾਂ ਵਿਚ ਦਰਜ 9 ਵਿਸ਼ੇਸ਼ ਧੁਨੀਆਂ ਦਾ ਸੰਗੀਤਕ ਅਧਾਰ ਕੇਵਲ ਸਬੰਧਿਤ ਰਾਗ ਹੀ ਹੈ, ਜਿਸ ਦੇ ਅੰਤਰਗਤ ਉਹ ਦਰਜ ਹੈ। ਦਰਅਸਲ, ਗੁਰਬਾਣੀ ਸੰਗੀਤ ਦੇ ਰਾਗਾਂ ਵਿਚ ਕੁਝ ਰਾਗ ਇਸ ਤਰ੍ਹਾਂ ਦੇ ਵੀ ਹਨ, ਜੋ ਲੋਕ ਧੁਨਾਂ ਤੋਂ ਵਿਕਸਿਤ ਹੋਏ, ਜਿਵੇਂ ਰਾਗ ਆਸਾ, ਤਿਲੰਗ, ਮਾਝ ਤੇ ਵਡਹੰਸ ਆਦਿ। ਇਸ ਪੱਧਰ ਦੇ ਰਾਗ ਲੋਕ ਧੁਨਾਂ ਦੇ ਪ੍ਰਚਲਿਤ ਸੁਰ ਸਮੂਹ ਜੋ ਬਾਅਦ ਵਿਚ ਸ਼ਾਸਤਰੀ ਸੰਗੀਤ ਦੇ ਨਿਯਮਾਂ ਮੁਤਾਬਕ ਹਲਕੀ ਪ੍ਰਕ੍ਰਿਤੀ ਦੀ ਸ਼੍ਰੇਣੀ ਦੇ ਰਾਗਾਂ ਵਿਚ ਰਾਗ ਦਾ ਰੂਪ ਲੈ ਕੇ ਕਿਸੇ ਵਿਸ਼ੇਸ਼ ਨਾਂਅ ਨਾਲ ਜੁੜ ਗਈ, ਨੂੰ ਹੀ ਗੁਰਮਤਿ ਸੰਗੀਤ ਵਿਚ ਧੁਨੀ ਆਖਿਆ ਗਿਆ ਹੈ। ਭਾਵ ਉਸ ਧੁਨੀ ਦਾ ਸੰਗੀਤਕ ਅਧਾਰ ਸਬੰਧਿਤ ਰਾਗ ਹੀ ਹੈ, ਉਸ ਤੋਂ ਵੱਖਰਾ ਨਹੀਂ।

ਪੁਰਾਤਨ ਸਮੇਂ ਤੋਂ ਰਬਾਬੀ ਪ੍ਰੰਪਰਾ ਦੇ ਅੰਤ ਤੱਕ ਰਬਾਬੀ, ਰਾਗੀ ਇਸ ਕੀਰਤਨ ਸ਼ੈਲੀ ਵਿਚ ਸ਼ਬਦਾਂ ਦਾ ਗਾਇਨ ਬਹੁਤ ਉਤਸ਼ਾਹਪੂਰਵਕ ਕਰਿਆ ਕਰਦੇ ਸਨ। ਫਲਸਰੂਪ, ਕੀਰਤਨ ਸਮੇਂ ਉਨ੍ਹਾਂ ਦੀ ਗਾਇਕੀ ਤੇ ਸ਼ਬਦ ਚੌਕੀ ਵਿਚ ਨਵਾਂਪਨ (ਹਰ ਵਾਰ) ਤੇ ਚੋਟੀ ਦੀ ਰਾਗਦਾਰੀ ਉਨ੍ਹਾਂ ਦੀ ਲੰਮੇਰੀ ਸੰਗੀਤਕ ਮਿਹਨਤ ਨਾਲ ਕਾਫੀ ਡੂੰਘੀ ਵਾਕਫੀ ਕਰਵਾਉਂਦੀ ਸੀ ਪਰ ਅਜਕਲ੍ਹ ਨਿਰਧਾਰਤ ਰਾਗਾਂ ਵਾਲੀਆਂ ਸਟੇਜਾਂ ਹੀ ਗਿਣੀਆਂ ਚੁਣੀਆਂ ਰਹਿ ਗਈਆਂ ਹਨ ਜਿਸ ਕਰਕੇ ਇਸ ਕੀਰਤਨ ਸ਼ੈਲੀ ਦੀ ਹੋਂਦ ਹੁਣ ਅਣਹੋਂਦ ਦਾ ਰੂਪ ਲੈਣ ਲੱਗ ਪਈ ਹੈ।

ਇਸ ਗੁਆਚ ਰਹੇ ਅਮੋਲਕ ਖਜ਼ਾਨੇ ਨੂੰ ਸੰਭਾਲਣ ਲਈ ਹੁਣ ਬੁੱਧੀਜੀਵੀ ਵਰਗ ਅੱਗੇ ਆ ਰਿਹਾ ਹੈ, ਜਿਨ੍ਹਾਂ ਵਲੋਂ ਸਕੂਲਾਂ, ਕਾਲਜਾਂ, ਤੇ ਯੂਨੀਵਰਸਿਟੀ ਪੱਧਰ 'ਤੇ ਸਲਾਨਾ ਸ਼ਬਦ ਗਾਇਨ ਪ੍ਰਤੀਯੋਗਤਾਵਾਂ ਬਾਕਾਇਦਾ ਨਿਰਧਾਰਤ ਰਾਗਾਂ ਵਿਚ ਆਯੋਜਿਤ ਕੀਤੀਆਂ ਜਾਣੀਆਂ, ਇਕ ਵਧੀਆ ਕਦਮ ਮੰਨਿਆ ਜਾ ਰਿਹਾ ਹੈ। (ਚੰਗਾ ਹੋਵੇ ਜੇਕਰ ਇਨ੍ਹਾਂ ਸ਼ਬਦ ਗਾਇਨ ਮੁਕਾਬਲਿਆਂ ਵਿਚ ਨਿਰਣਾਕਾਰ ਦਾ ਅਹੁਦਾ ਉਨ੍ਹਾਂ ਨੂੰ ਸੌਂਪਿਆ ਜਾਵੇ, ਜਿਨ੍ਹਾਂ ਨੂੰ ਪ੍ਰੰਪਰਾਗਤ ਗੁਰਬਾਣੀ ਸੰਗੀਤ ਦੀ ਕ੍ਰਿਆਤਮਕ ਪੱਖ ਤੋਂ ਵੀ ਮੁਕੰਮਲ ਜਾਣਕਾਰੀ ਹਾਸਲ ਹੈ।) ਕੁਝ ਸਿੱਖ ਕੀਰਤਨੀਆਂ ਦਾ ਤਾਂ ਇਥੋਂ ਤਕ ਵੀ ਮੱਤ ਹੈ ਕਿ ਕੀਰਤਨੀਆ ਇਕ ਵਿਸ਼ੇਸ਼ ਪ੍ਰਤੀਨਿਧ ਪ੍ਰਚਾਰਕ ਸ਼੍ਰੇਣੀ ਹੈ, ਇਸ ਲਈ ਹਰ ਇਕ ਕੀਰਤਨੀਏ ਨੂੰ ਇਸ ਸ਼ੈਲੀ ਵਿਚ ਕੀਰਤਨ ਕਰਕੇ, ਸੰਗਤਾਂ ਨੂੰ ਵੀ ਇਸ ਨਾਲ ਜਾਣੂ ਕਰਵਾਉਣਾ ਚਾਹੀਦਾ ਹੈ।

ਇਸੇ ਸੰਦਰਭ ਵਿਚ ਕੁਝ ਸਮੇਂ ਤੋਂ ਇਕ ਸ਼ਲਾਘਾਯੋਗ ਉਦਮ ਇਹ ਵੀ ਦੇਖਿਆ ਗਿਆ ਹੈ ਕਿ ਟਕਸਾਲ ਜਵੱਦੀ (ਲੁਧਿਆਣਾ) ਅਤੇ ਕੁਝ ਕਲਾਸੀਕਲ ਕੀਰਤਨ ਜਥਿਆਂ ਵਲੋਂ ਨਿੱਜੀ ਕੈਸਟ ਕੰਪਨੀਆਂ ਦੇ ਸਹਿਯੋਗ ਨਾਲ ਆਪਣੇ ਪੱਧਰ ਤੇ ਨਿਰਧਾਰਤ ਰਾਗਾਂ ਵਿਚ ਕੈਸਟਾਂ ਰਿਕਾਰਡ ਕਰਵਾ ਕੇ ਗੁਰਮਤਿ ਸੰਗੀਤ ਦੇ ਪੁਰਾਤਨ ਸਰੂਪ ਦੇ ਪ੍ਰਚਾਰ ਹਿੱਤ ਸੰਗਤਾਂ ਵਿਚ ਪੁੱਜਦੀਆਂ ਕੀਤੀਆਂ ਗਈਆਂ ਹਨ। ਫਲਸਰੂਪ ਉਨ੍ਹਾਂ ਨੂੰ ਭਰਵਾਂ ਹੁੰਗਾਰਾ ਪ੍ਰਾਪਤ ਹੋਇਆ ਹੈ। ਹੁਣ ਲੋੜ ਹੈ ਕਿ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਅਹੁਦੇਦਾਰਾਂ ਤੇ ਸਿੱਖ ਅਦਾਰਿਆਂ ਵਲੋਂ ਉਨ੍ਹਾਂ ਸਮੂਹ ਕੀਰਤਨਕਾਰਾਂ ਨੂੰ ਜਿਨ੍ਹਾਂ ਆਪਣੀ ਸਾਰੀ ਉਮਰ ਝੂਠੀ ਸ਼ੋਹਰਤ ਤੋਂ ਬਹੁਤ ਉਪਰ ਉਠ ਕੇ ਪ੍ਰੰਪਰਾਗਤ ਗੁਰਮਤਿ ਸੰਗੀਤ ਦੀ ਸ਼ੈਲੀ ਵਿਚ ਕੀਰਤਨ ਸੇਵਾ ਕੀਤੀ, ਨੂੰ ਯੋਗ ਮਾਨ ਸਨਮਾਨ ਪ੍ਰਦਾਨ ਕੀਤਾ ਜਾਵੇ ਤੇ ਨਾਲ ਹੀ ਸਾਰੇ ਗੁਰੂ ਘਰਾਂ ਵਿਚ ਇਸ ਕੀਰਤਨ ਸ਼ੈਲੀ ਨੂੰ ਲਾਗੂ ਕਰਨ ਦੀ ਅਪੀਲ ਕੀਤੀ ਜਾਂਦੀ ਹੈ ਤਾਂ ਜੋ ਇਸ ਰੂਹਾਨੀ ਵਿਰਸੇ ਦੀ ਠੀਕ ਸੰਭਾਲ ਹੋ ਸਕੇ।

*ਪੱਤ੍ਰਿਕਾ 'ਸਿੱਖ ਫੁਲਵਾੜੀ' ਵਿਚੋਂ ਧੰਨਵਾਦ ਸਹਿਤ*

# ਕੀਰਤਨ ਸੀ.ਡੀ. ਸਮੀਖਿਆ

ਕਰਤਾਰ ਸਿੰਘ ਨੀਲਧਾਰੀ

**ਸੀ.ਡੀ. ਟਾਈਟਲ - ਕਰਿ ਕਿਰਪਾ ਮੇਲਉ ਰਾਮ   ਕੀਰਤਨ ਕਰਤਾ - ਡਾ. ਜਾਗੀਰ ਸਿੰਘ**

ਗੁਰਬਾਣੀ ਕਥਨ ਹੈ-

*ਕਲਜੁਗ ਮਹਿ ਕੀਰਤਨ ਪਰਧਾਨਾ॥*

*ਗੁਰਮੁਖਿ ਜਪੀਐ ਲਾਇ ਧਿਆਨਾ॥*

ਪੰਨਾ 1075

ਜਦੋਂ ਇਹ ਸੀ.ਡੀ. ਸੁਣਨਾ ਸ਼ੁਰੂ ਕੀਤੀ ਤਾਂ ਕੰਨਾਂ ਰਾਹੀਂ ਸਿੱਧੇ ਹਿਰਦੇ ਵਿਚ ਅੰਮ੍ਰਿਤ ਬਾਣੀ ਉਤਰਦੀ ਗਈ, ਧਿਆਨ ਨੂੰ ਕੀਰਤਨ ਵਿਚ ਜੋੜੀ ਰੱਖਣ ਲਈ ਉਸ ਏਕਾਂਤ ਵਿਚ ਲਾਈਟ ਵੀ ਬੰਦ ਕਰਨੀ ਪਈ। ਪੁਰਾਤਨ ਸੰਤ ਮਹਾਪੁਰਸ਼ ਆਸਾ ਦੀ ਵਾਰ ਵਿਚ ਬੜੀ ਨਿੰਮੀ ਜਿਹੀ ਰੋਸ਼ਨੀ ਰੱਖਦੇ ਸਨ। ਮਹਾਰਾਜ ਪ੍ਰਤਾਪ ਸਿੰਘ ਜੀ ਨਾਮਧਾਰੀ ਤਾਂ ਆਸਾ ਦੀ ਵਾਰ ਦੇ ਕੀਰਤਨ ਸਮੇਂ ਕੀਰਤਨ ਅਰੰਭਤਾ ਦੇ ਨਾਲ ਛੇਤੀ ਹੀ ਦਰਵਾਜੇ ਬੰਦ ਕਰਵਾ ਦਿੰਦੇ ਸਨ ਜੋ ਅਰਦਾਸ ਸਮੇਂ ਹੀ ਖੁੱਲ੍ਹਦੇ ਸਨ। ਖੰਨੇ ਵਾਲੇ ਭਾਈ ਜਸਬੀਰ ਸਿੰਘ ਅੰਮ੍ਰਿਤ ਵੇਲੇ ਕੀਰਤਨ ਵਿਚ ਲਾਈਟਾਂ ਬੰਦ ਕਰਵਾ ਦਿੰਦੇ ਸੁਣੀਂਦੇ ਹਨ। ਭਾਈ ਰਮੇਸ਼ ਸਿੰਘ ਜਮਸ਼ੇਦਪੁਰ ਵਾਲਿਆਂ ਖਾਲਸਾ ਸਮਾਚਾਰ (20 ਜੁਲਾਈ 2006) ਵਿਚ ਲਿਖਦੇ ਹਨ - ਗੁਰਦੁਆਰਾ ਸਾਹਿਬ ਵਿਖੇ ਪਰ ਇਕ ਦਿਨ (ਸਵੇਰੇ 4-30 ਤੋਂ 6 ਵਜੇ ਤੇ ਸ਼ਾਮ 6-30 ਤੋਂ 8 ਵਜੇ) ਦੇ ਸਤਿਸੰਗ ਬਾਅਦ ਹੀ ਪ੍ਰਬੰਧਕਾਂ ਨੇ ਸਤਿਸੰਗ ਤੇ ਰੋਕ ਲਾ ਦਿੱਤੀ। ਕਾਰਨ ਕਿ ਲਾਈਟਾਂ ਬੰਦ ਕਰਕੇ ਕੀਰਤਨ ਨਹੀਂ ਕਰ ਸਕਦੇ। ਆਸਾ ਦੀ ਵਾਰ ਵਿਚ ਜਦੋਂ ਰਾਗ ਜੁਗਤਿ ਅਨੁਸਾਰ ਸੂਰਜ ਦੀ ਲੋਅ ਨਾਲ ਭੋਗ ਪਾਉਣਾ ਹੋਵੇ ਤਾਂ ਨਿੰਮੀ ਨਿੰਮੀ ਲੋਅ ਵਿਚ ਹੀ ਸਾਕਾਰ ਹੁੰਦਾ ਹੈ - *ਹਰਿ ਅੰਮ੍ਰਿਤ ਭਿੰਨੇ ਲੋਇਣਾ ਮਨੁ ਪ੍ਰੇਮਿ ਰਤੰਨਾ ਰਾਮ ਰਾਜੇ* ਰੌਸ਼ਨੀ ਵਿਚ ਤਾਂ ਲੋਇਣ ਧੁਨੀ ਅੰਮ੍ਰਿਤ ਰਸ ਨੂੰ ਆਤਮਸਾਤ ਨਹੀਂ ਕਰ ਸਕਦੇ। ਹਥਲੀ ਸੀ.ਡੀ. ਦੇ ਕੀਰਤਨ ਦੀ ਧੁਨੀ ਗਹਿਰੇ ਕੁੰਡ ਵਿਚੋਂ ਨਿਕਲਦੀ ਸੁਰੀਲੀ ਗੂੰਜ ਵਰਗੀ ਸੁਰਾਂ ਨਾਲ ਧਿਆਨ ਨੂੰ ਸੁਰ ਸ਼ਬਦ ਨਾਲ ਜੋੜ ਦਿੰਦੀ ਹੈ।

ਕੀਰਤਨ ਗੰਗਾ ਵਿਚ ਚੁਭੀਆਂ ਲਾਉਣ ਵਿਚ ਲੋਕੀ ਕੀਰਤਨ ਦਰਬਾਰਾਂ ਵਿਚ ਬੜੇ ਸ਼ੌਕ ਨਾਲ ਜਾਂਦੇ ਹਨ। ਪਰ ਮੇਰਾ ਨਿੱਜੀ ਅਨੁਭਵ ਬੜਾ ਬਿਖੜਾ ਜਿਹਾ ਹੈ। ਬਹੁਤ ਰਾਗੀਆਂ ਦੇ ਕੀਰਤਨ ਤਾਂ ਕੰਨਾਂ ਨਾਲ ਟਕਰਾ ਕੇ ਪਵਨ ਲਹਿਰਾਂ ਬਣ ਜਾਂਦੇ ਹਨ ਤੇ ਜਿਹੜੇ ਕੰਨਾਂ ਦੇ ਅੰਦਰ ਉਤਰਨ ਜੋਗੇ ਹੁੰਦੇ ਹਨ, ਉਨ੍ਹਾਂ ਲਈ ਗਹਿਮਾ ਗਹਿਮੀ ਭਰੇ ਮਾਹੌਲ ਤੇ ਤਿੱਖੇ ਪ੍ਰਦਰਸ਼ਨ ਮੇਚੇ ਨਹੀਂ ਆਉਂਦੇ। ਇਥੇ ਤਾਂ ਗੰਗਾ ਘਰ ਵਿਚ ਹੀ ਆ ਗਈ ਸੀ ਤੇ ਜਦੋਂ ਸੀ.ਡੀ. ਸੁਣਨੀ ਸ਼ੁਰੂ ਕੀਤੀ ਉਸ ਵੇਲੇ ਘਰ ਵਿਚ ਕੋਈ ਨਹੀਂ ਸੀ। ਇਸ ਤਰ੍ਹਾਂ ਸਬੱਬ ਨਾਲ ਇਸ ਅੰਮ੍ਰਿਤ ਕੀਰਤਨ ਨਾਲ ਧਿਆਨ ਜੋੜਨ ਲਈ ਮਾਹੌਲ-ਕਾਲ-ਪਾਤ੍ਰ ਦਾ ਪੂਰਾ ਸੁਮੇਲ ਗੁਰੂ ਕਿਰਪਾ ਨਾਲ ਬਣ ਗਿਆ।

ਡਾ. ਜਾਗੀਰ ਸਿੰਘ ਜੀ ਨੇ ਮੰਗਲਾਚਰਣ ਦੇ ਰੂਪ ਵਿਚ ਚੌਥੇ ਮਹਲੇ ਦੇ ਛੰਦ ਨਾਲ ਗਾਇਨ ਆਰੰਭ ਕੀਤਾ ਹੈ *ਜਿਨੀ ਐਸਾ ਹਰਿਨਾਮੁ ਨ ਚੇਤਿਓ! ਸੇ ਕਾਹੇ ਜਗਿ ਆਏ ਰਾਮ ਰਾਜੇ?* ਇਸ ਛੰਦ ਸ਼ਬਦ ਸਰੋਤ ਨਾਲ ਹੀ ਮਨ ਬਿਰਤੀਆਂ ਵਿਚ ਏਕਾਗ੍ਰਤਾ ਦੇ ਪ੍ਰਵੇਸ਼ ਨਾਲ ਲਾਈਟ ਬੰਦ ਕਰਨਾ ਉਚਿਤ ਲਗਿਆ। ਇਸ ਮੰਗਲਾਚਰਣ ਦੇ ਸੁਰੀਲੇ ਗਾਇਨ ਤੋਂ ਬਾਅਦ ਉਸੇ ਸੁਰ ਤਾਲ ਵਿਚ ਸ਼ਬਦ ਸ਼ੁਰੂ ਹੋਇਆ

*ਮੇਰੇ ਪ੍ਰੀਤਮਾ ਹਉ ਜੀਵਾ ਨਾਮ ਧਿਆਇ॥*

*ਬਿਨੁ ਨਾਵੈ ਜੀਵਣ ਨ ਥੀਐ॥*

*ਮੇਰੇ ਸਤਿਗੁਰ ਨਾਮੁ ਦ੍ਰਿੜਾਇ॥ ਰਹਾਓ॥*

ਇਹ ਸ਼ਬਦ ਸਿਰੀ ਰਾਗੁ ਮਹਲਾ ੪ (ਅੰਕ-40) ਦਾ ਹੈ। ਡਾਕਟਰ ਸਾਹਿਬ ਨੇ ਕੀਰਤਨ ਗਾਇਨ ਵਿਚ ਪਹਿਲਾ ਪ੍ਰਮਾਣ ਜੋੜਿਆ *ਆਖਾ ਜੀਵਾ ਵਿਸਰੈ ਮਰਿ ਜਾਉ॥* (ਆਸਾ ਮਹਲਾ 1 ਅੰਕ 1) ਜੋ ਪੂਰੀ ਤਰ੍ਹਾਂ ਢੁਕਦਾ ਹੈ ਅਤੇ ਸ਼ਬਦ ਦੇ ਭਾਵ ਦੀ ਪ੍ਰੋੜ੍ਹਤਾ ਕਰਦਾ ਹੈ। ਡਾਕਟਰ ਸਾਹਿਬ ਨੇ ਦੂਜਾ ਪ੍ਰਮਾਣ ਗਾਇਆ *ਬਾਣੀ ਗੁਰੁ ਗੁਰੂ ਹੈ ਬਾਣੀ..* (ਨਟ ਮਹਲਾ 4 ਅੰਕ982) ਜੋ ਸ਼ਬਦ ਦੇ ਚਾਰ ਪਦਾਂ ਜਾਂ ਰਹਾਉ ਨਾਲ ਕਿਤੇ ਵੀ ਸੁਮੇਲ ਨਹੀਂ ਕਰ ਪਾਂਦਾ। ਮੰਗਲਾ ਚਰਣ ਨਾਮ ਸਿਮਰਨ ਦੀ ਪ੍ਰੇਰਣਾ ਦੇ ਕੇ ਜੀਵਨ ਸਕਾਰਥ ਕਰਨ ਦਾ ਉਪਦੇਸ਼ ਦਿੰਦਾ ਹੈ। ਸ਼ਬਦ ਦਾ ਸਾਰਾ ਫਲ ਸਦਾ ਨਾਮ

ਪ੍ਰਾਪਤੀ, ਸਿਮਰਨ ਦਵਾਰਾ *ਜੋ ਆਇ ਮਿਲੇ ਗੁਰ ਪਾਸਿ* ਦੀ ਉਪਮਾ ਦੱਸ ਕੇ *ਜਨ ਨਾਨਕ ਉਤਮ ਪਦੁ ਪਾਇਆ* ਦੀ ਮੰਜ਼ਿਲ ਨਾਲ ਜੋੜਦਾ ਹੈ। *ਆਖਾ ਜੀਵਾ* ਦਾ ਪ੍ਰਮਾਣ ਵੀ ਇਸ ਫਲਸਫੇ ਦੀ ਪ੍ਰਮਾਣਿਕਤਾ ਨੂੰ ਸ਼ਿੰਗਾਰਦਾ ਹੈ। ਕੀਰਤਨ ਵਿਚ ਸਾਰਾ ਸੰਵਾਦ ਨਾਮ ਦੇ ਕੇਂਦਰ ਉਤੇ ਟਿਕਿਆ ਹੋਇਆ ਹੈ। ਇਸ ਲਈ ਪ੍ਰਮਾਣ ਨਾਮ ਸਿਮਰਨ ਦੀ ਉਪਮਾ ਵਾਲਾ ਹੀ ਸਟੀਕ ਕਿਹਾ ਜਾ ਸਕਦਾ ਹੈ।

ਸੀ.ਡੀ. ਦੀ ਸਾਊਂਡ ਕਵਾਲਟੀ ਦੱਸਦੀ ਹੈ ਕਿ ਸ਼ਬਦ ਗਾਇਨ ਕਿਸੇ ਸਮਾਗਮ ਵਿਚ ਰਿਕਾਰਡ ਕੀਤਾ ਗਿਆ ਹੈ ਪਰ ਇਸ ਦੀ ਰਿਕਾਰਡਿੰਗ ਵਿਚ ਸੰਗਤ ਦੀ ਕੋਈ ਪਦ ਚਾਪ ਨਹੀਂ ਸੁਣਾਈ ਦਿੰਦੀ ਹੈ ਤੇ ਨਿਸ਼ਚਿਤ ਹੈ ਜਦੋਂ ਡਾਕਟਰ ਸਾਹਿਬ ਨੇ *ਜਿਨੀ ਐਸਾ ਹਰਿਨਾਮ...* ਦੀ ਟੇਕ ਲਈ ਉਸ ਵੇਲੇ ਪਿੰਨ ਡਰਾਪ ਸਾਈਲੈਂਸ ਹੋ ਗਈ। ਸੰਗੀਤ ਗਾਇਨ ਦਾ ਅਧਿਕਾਰੀ ਪੁਰਸ਼ ਪਹਿਲੀ ਤੁਕ ਦੀ ਟੇਕ ਨਾਲ ਸ੍ਰੋਤਿਆਂ ਦੇ ਤਨਮਨ ਦੇ ਖਲਾਰਿਆਂ ਨੂੰ ਕੀਲ ਲੈਂਦਾ ਹੈ। ਗੁਰੂ ਕਿਰਪਾ ਨਾਲ ਇਹ ਅਧਿਕਾਰ ਡਾਕਟਰ ਸਾਹਿਬ ਦੇ ਕੀਰਤਨ ਵਿਚ ਅਨੁਭਵ ਕੀਤਾ ਹੈ। ਇਹ ਗਾਇਨ 26 ਮਿੰਟ ਦਾ ਹੈ ਪਰ ਦਿਲ ਕਰਦਾ ਹੈ ਇਸ ਸ਼ਬਦ ਨੂੰ ਸੁਣਦੇ ਹੀ ਰਹੀਏ। ਇਸ ਕੀਰਤਨ ਦੇ ਸਮੁਚੇ ਪ੍ਰਭਾਵ ਦੀ ਪ੍ਰਸੰਸਾ ਕਰਨ ਲਈ ਮੇਰੇ ਕੋਲ ਢੁਕਵੇਂ ਅੱਖਰ ਨਹੀਂ ਹਨ। ਰਿਕਾਰਡਿੰਗ ਕੈਸੇਟ ਵਿਚ ਹੋਈ ਸੀ ਤੇ ਸੀ. ਡੀ. ਨਵੇਂ ਸਿਰਿਓਂ ਤਿਆਰ ਕਰਵਾਈ ਗਈ ਹੈ। ਮੈਂ ਤਾਂ ਡਾਕਟਰ ਸਾਹਿਬ ਨੂੰ ਫੋਨ ਕਰਕੇ ਅਰਜ਼ ਕੀਤੀ ਸੀ ਇਸ ਸ਼ਬਦ ਕੀਰਤਨ ਨੂੰ ਆਲਾਪ ਨਾਲ ਸ਼ਿੰਗਾਰ ਕੇ ਪੂਰੀ ਸੀ.ਡੀ. ਦੇ ਮੇਚੇ ਦਾ ਤਿਆਰ ਕਰੋ ਤਾਂ ਪਰਉਪਕਾਰ ਹੋਵੇਗਾ।

ਸੀ.ਡੀ. ਦਾ ਦੂਜਾ ਸ਼ਬਦ ਹੈ-*ਕਿਰਤਿ ਕਰਮ ਕੇ ਵਿਛੁੜੇ ਕਰਿ ਕਿਰਪਾ ਮੇਲਹੁ ਰਾਮ* (ਬਾਰਹਮਾਹ ਮਾਂਝ ਮਹਲਾ 5, ਅੰਕ133) ਇਸ ਸ਼ਬਦ ਨੂੰ ਵੀ ਡਾਕਟਰ ਸਾਹਿਬ ਨੇ ਉਸੇ ਤਰ੍ਹਾਂ ਬੁਲੰਦ ਆਵਾਜ਼ ਤੇ ਸੁਰ ਸੰਗੀਤ ਵਿਚ ਗਾਇਆ ਹੈ। ਗੁਰਬਾਣੀ ਸੂਝ ਅਤੇ ਕੀਰਤਨ ਅਨੁਭਵ ਦਾ ਪਰਿਚੈ ਦੇਂਦੇ ਹੋਏ ਡਾਕਟਰ ਸਾਹਿਬ ਨੇ ਕ੍ਰਮਵਾਰ ਦੋ ਸਟੀਕ ਪ੍ਰਮਾਣ ਦੇ ਕੇ ਇਸ ਸ਼ਬਦ ਦੇ ਭਾਵ ਨੂੰ ਸ਼ਿੰਗਾਰਿਆ ਹੈ।

1 *ਹਉ ਆਇਆ ਦੂਰੋ ਚਲਕੇ* (ਸੂਹੀ ਮਹਲਾ5, ਅੰਕ763)
2 *ਮਨ ਲੋਚੈ ਹਰਿ ਮਿਲਨ ਕਉ* (ਮਾਰੂ ਵਾਰ5 ਅੰਕ1098)

ਸ਼ਬਦ ਦਾ ਗਾਇਨ ਬੇਸ਼ੱਕ ਗਾਇਕ ਦੇ ਸ਼ੁਧ ਸਪਸ਼ਟ ਉਚਾਰਨ ਸਧੀ ਸੰਗੀਤ ਗਾਇਕੀ ਅਤੇ ਦਮ ਖਮ ਅਨੁਭਵ ਦਾ ਪਰਿਚੈ ਦੇਂਦਾ ਹੈ, ਪਰ ਉਨਾਂ ਗਹਿਰਾ ਨਹੀਂ ਉਤਰਦਾ ਜਿਨਾ ਪਹਿਲਾ ਸ਼ਬਦ *ਮੇਰੇ ਪ੍ਰੀਤਮਾ! ਹਉ ਜੀਵਾ ਨਾਮਿ ਧਿਆਇ!!! ਕਰਿ ਕਿਰਪਾ ਮੇਲਹੁ ਰਾਮ* ਦੇ ਮੁਖੜੇ ਨੂੰ ਜੋਦੜੀ-ਤਰਲੇ ਦੇ ਢੰਗ ਦੀ ਗਾਇਕੀ ਆਲਾਪ ਨਾਲ ਸ਼ਿੰਗਾਰਨ ਨਾਲ ਸ਼ਾਇਦ ਇਹ ਡੂੰਘੀ ਪੈਂਠ ਬਣਾਈ ਜਾ ਸਕਦੀ ਸੀ। ਸੀ.ਡੀ. ਵਿਚ ਇਹ ਸ਼ਬਦ ਵੀ 26 ਮਿੰਟ ਦਾ ਹੈ ਅਤੇ ਕੀਰਤਨੀਏ ਨੇ ਪੂਰਾ ਸਮਾ ਗਾਇਕੀ ਕਰਦੇ ਹੋਏ ਸਾਜ਼ ਸੁਰਾਂ ਨਾਲ ਸਾਹ ਨਹੀਂ ਲਿਆ, ਇਹ ਵੀ ਕਰੜੀ ਸਵਰ ਸਾਧਨਾ ਨਾਲ ਹੀ ਸੰਭਵ ਹੁੰਦਾ ਹੈ।

ਸੀ.ਡੀ. ਦਾ ਤੀਜਾ ਸ਼ਬਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਉਚਾਰਿਆ ਖਿਆਲ ਹੈ-*ਹਾਲ ਮੁਰੀਦਾ ਦਾ ਕਹਿਣਾ ਮਿਤ੍ਰ ਪਿਆਰੇ ਨੂੰ।* ਡਾਕਟਰ ਸਾਹਿਬ ਨੇ ਇਸ ਸ਼ਬਦ ਦਾ ਕੀਰਤਨ ਕਰਦੇ ਹੋਏ ਸਰੋਤਿਆਂ ਨੂੰ ਤਤਕਾਲੀਨ ਮਾਛੀਵਾੜੇ ਦੇ ਮਾਹੌਲ ਨਾਲ ਵਾਰਤਕ ਪਰਿਚੈ ਵੀ ਕਰਾਇਆ ਤੇ ਸੰਤ ਬਾਬਾ ਗੁਰਮੁਖ ਸਿੰਘ ਜੀ ਪਟਿਆਲੇ ਵਾਲਿਆਂ ਦੇ ਹਵਾਲੇ ਨਾਲ ਦਸਿਆ ਕਿ ਸਿਆਲ ਵਿਚ ਰਜਾਈ ਦੀ ਕਿੰਨੀ ਚਾਹਤ ਹੁੰਦੀ ਹੈ। ਸਾਧਾਂ ਦੀ ਰਜਾਈ ਤਾਂ ਰਜ਼ਾ (ਹੁਕਮ) ਵਿਚ ਰਸਾਈ ਕਰਾਂਦੀ ਹੈ ਤੇ ਸੰਤ ਬਾਬਾ ਗੁਰਮੁਖ ਸਿੰਘ ਜੀ ਦੇ ਬਚਨ ਦਾ ਸ਼ਾਬਦਿਕ ਅਰਥ ਤੇ ਭਾਵ ਅਰਥ ਵੀ ਵਿਚਾਰਿਆ ਜਾ ਸਕਦਾ ਹੈ। ਪਰ ਇਥੇ ਸ਼ਾਬਦਿਕ ਅਰਥ ਹੀ ਢੁਕਦਾ ਹੈ। ਇਹ ਸ਼ਬਦ ਵੀ 8 ਮਿੰਟ ਦਾ ਹੈ। ਸੀ.ਡੀ. ਦੇ ਤਿੰਨੇ ਸ਼ਬਦ ਸਰੋਤਾ ਮਨ ਨੂੰ ਗੁਰੂ ਨਾਲ ਜੋੜਦੇ ਹਨ।

ਇਸ ਤਰ੍ਹਾਂ ਕਰੀਬਨ 60 ਮਿੰਟ ਤਕ ਇਸ ਅੰਮ੍ਰਿਤ ਕੀਰਤਨ ਧਾਰਾ ਨੂੰ ਸ੍ਰਵਨ ਕਰਨ ਤੋਂ ਬਾਅਦ ਜਦੋਂ ਪਲੇਅਰ ਬੰਦ ਹੋਇਆ ਤਾਂ ਵੀ ਮਨ ਦੇ ਗੁੰਬਦ ਵਿਚ ਗੂੰਜ ਰਿਹਾ ਸੀ-*ਹਉ ਜੀਵਾ ਨਾਮ ਧਿਆਇ, ਬਿਨ ਨਾਵੈ ਜੀਵਨ ਨਾ ਥੀਐ* ਅਜਿਹੇ ਸ਼ਬਦਾਂ ਦਾ ਗਾਇਨ ਕਰਨ ਵਾਲੇ ਆਮ ਕੀਰਤਨੀਏ-ਵਾਹਿਗੁਰੂ ਸਤਿਨਾਮ ਦਾ ਜਾਪ ਕਰਾਣ ਵਾਲੇ ਬਾਬੇ ਬਣ ਜਾਂਦੇ ਹਨ। ਕੀਰਤਨੀਆਂ ਜਦੋਂ ਧੁਰ ਹਿਰਦੇ ਤੋਂ ਗਾਉਂਦੇ ਹੋਏ ਆਪਣੇ ਸਤਿਗੁਰੂ ਦੇ ਮੂਰਤਿ ਨੂੰ ਅੱਖਾਂ ਸਾਹਵੇ ਲੈ ਆਏ ਤੇ ਸਰੋਤੇ ਵੀ ਕੀਲੇ ਜਾਂਦੇ ਹਨ। ਮੈਂ ਸੋਚਦਾ ਹਾਂ ਕਈ ਵਾਰੀ ਉਪਮਾ ਜਾਣਦੇ ਹੋਏ ਵੀ ਡਾਕਟਰ ਸਾਹਿਬ ਦਾ ਕੀਰਤਨ ਸੁਣਨ ਕਦੀ ਨਹੀਂ ਜਾ ਸਕਿਆ, ਸ਼ਾਇਦ ਮੇਰੇ ਭਾਗ ਹੀ ਐਸੇ ਹਨ। ਪਰ ਜਦੋਂ ਗੁਰੂ ਨੇ ਕ੍ਰਿਪਾ ਕਰਕੇ ਮੇਲਿਆ ਹੈ ਰਸ ਭਾਲ ਸਰਾਬੋਰ ਕਰ ਦਿੱਤਾ ਹੈ।

*162 ਏ, ਗਰੇਨ ਮਾਰਕੀਟ,*
*ਮਧਿਆ ਮਾਰਗ, ਚੰਡੀਗੜ੍ਹ*

# ਗੁਰਮਤਿ ਸੰਗੀਤ ਸੰਭਾਲ ਤੇ ਪ੍ਰਸਾਰ (ਸੀਡੀ ਪ੍ਰੋਜੈਕਟ)

ਅਵਤਾਰ ਸਿੰਘ ਹੰਸ

ਗੁਰਮਤਿ ਸੰਗੀਤ ਦੀ ਸੰਭਾਲ ਤੇ ਪ੍ਰਸਾਰ ਲਈ ਅੰਮ੍ਰਿਤ ਕੀਰਤਨ ਟਰੱਸਟ ਵਲੋਂ ਸ. ਮਹਿੰਦਰ ਸਿੰਘ ਬਿੰਦਰਾ*, ਸ. ਹਰਕਿਸ਼ਨ ਸਿੰਘ ਧੂਪੀਆ ਆਦਿ ਦੇ ਸਹਿਯੋਗ ਨਾਲ ਸਮੇਂ ਸਮੇਂ ਨਿੱਗਰ ਉਪਰਾਲੇ ਕੀਤੇ ਜਾਂਦੇ ਹਨ। ਜਿਸ ਤੋਂ ਪਾਠਕ ਭਲੀ ਭਾਂਤ ਜਾਣੂ ਹਨ। ਸ਼੍ਰੋਮਣੀ ਕੀਰਤਨੀਏ ਗੁਰਮਤਿ ਸੰਗੀਤ ਦੇ ਵਿਦਵਾਨ, ਡਾ. ਜਾਗੀਰ ਸਿੰਘ ਜੀ ਦੇ ਉਦਮ ਸਦਕਾ ਗੁਰਮਤਿ ਸੰਗੀਤ ਦੀ ਪ੍ਰੰਪਰਾਗਤ ਕੀਰਤਨ ਮਰਿਯਾਦਾ ਅਨੁਸਾਰ ਕੀਰਤਨ ਕਰਨ ਵਾਲੇ ਕੀਰਤਨੀਆਂ ਦੀਆਂ ਸੀਡੀਜ਼ ਤਿਆਰ ਹੋ ਰਹੀਆਂ ਹਨ, ਜੋ ਸੰਗਤਾਂ ਵਿਚ ਪੁਰਾਤਨ ਕੀਰਤਨ ਪ੍ਰਚਾਰ ਲਈ ਮੁਫਤ ਵੰਡੀਆਂ ਜਾ ਰਹੀਆਂ ਹਨ। ਇਹ ਸ਼ੁਭ ਕਾਰਜ ਕਰ ਰਹੇ ਹਨ, ਸਰਦਾਰ ਸਾਹਿਬ ਸ. ਹਰਕ੍ਰਿਸ਼ਨ ਸਿੰਘ ਧੂਪੀਆ ਜੋ ਆਲ ਇੰਡੀਆ ਰੇਡੀਓ ਦੇ (ਰਿਟਾਇਰਡ)ਡਾਇਰੈਕਟਰ ਹਨ ਤੇ ਪਹਿਲਾਂ ਰਿਕਾਰਡਿੰਗ ਇੰਜੀਨੀਅਰ ਸਨ।

ਧੂਪੀਆ ਸਾਹਿਬ ਗੁਰਮਤਿ ਸੰਗੀਤ ਲਈ ਇਕ ਸੰਸਥਾ ਵਾਂਗ ਕੰਮ ਕਰ ਰਹੇ ਹਨ। ਇਨ੍ਹਾ ਦੇ ਮਨ ਵਿਚ ਪੁਰਾਤਨ ਕੀਰਤਨ ਸ਼ੈਲੀ ਨੂੰ ਘਰ ਘਰ ਪਹੁੰਚਾਉਣ ਦਾ ਜਜ਼ਬਾ ਹੈ। ਆਪ ਜੀ ਰੋਜ਼ਾਨਾ 6 ਤੋਂ 8 ਘੰਟੇ ਲਗਾਤਾਰ ਸਮਾਂ ਲਗਾ ਕੇ ਪੁਰਾਤਨ ਰਾਗੀ ਸਿੰਘਾਂ ਦੇ ਗਾਇਨ ਕੀਤੇ ਹੋਏ ਸ਼ਬਦ ਪੁਰਾਤਨ ਕੈਸਟਾਂ, ਤਵਿਆਂ ਅਤੇ ਰੇਡੀਓ ਤੋਂ ਪ੍ਰਸਾਰਿਤ ਹੋਏ ਸ਼ਬਦ, ਇਕੱਤਰ ਕਰਕੇ ਸੀਡੀਜ਼ ਤਿਆਰ ਕਰ ਰਹੇ ਹਨ। ਇਕ ਸੀਡੀ ਨੂੰ ਤਿਆਰ ਕਰਨ ਵਿਚ ਤਕਰੀਬਨ ਇਕ ਮਹੀਨਾ ਲੱਗ ਜਾਂਦਾ ਹੈ। ਧੂਪੀਆ ਸਾਹਿਬ ਜੀ ਤੋਂ ਸਦਕੇ ਜਾਂਦੇ ਹਾਂ ਤਹਿਦਿਲੋਂ ਧੰਨਵਾਦੀ ਹਾਂ ਜੋ ਇਸ ਉਮਰੇ ਇਤਨੀ ਭਾਰੀ ਸੇਵਾ ਬੜੀ ਲਗਨ ਨਾਲ ਕਰ ਰਹੇ ਹਨ। ਹੁਣ ਤਕ ਆਪ ਕਈ ਸੀਡੀਜ਼ ਤਿਆਰ ਕਰਕੇ ਜਿਲ੍ਹੇ ਵਾਰ ਏਰੀਆ ਆਰਗੇਨਾਈਜ਼ਰ ਬਣਾ ਕੇ ਇਕ ਇਕ ਕਾਪੀ ਫਰੀ ਭੇਜਦੇ ਹਨ।

ਧੂਪੀਆ ਸਾਹਿਬ ਵਲੋਂ ਤਿਆਰ ਕੀਤੀ ਸੀਡੀਜ਼ ਅਤੇ ਉਨ੍ਹਾਂ ਕੀਰਤਨਕਾਰਾਂ ਦਾ ਸੰਖੇਪ ਵੇਰਵਾ ਪਾਠਕਾਂ ਦੇ ਸਨਮੁੱਖ ਰੱਖ ਰਿਹਾ ਹਾਂ।

***ਪ੍ਰਸਿੱਧ ਰਾਗੀ ਸ੍ਰ. ਭਾਈ ਬਖਸ਼ੀਸ਼ ਸਿੰਘ ਜੀ ਪਟਿਆਲਾ।***

ਭਾਈ ਸਾਹਿਬ ਜੀ ਗੁਰਮਤਿ ਸੰਗੀਤ ਦੀ ਪ੍ਰੰਪਰਾਗਤ ਕੀਰਤਨ ਸ਼ੈਲੀ ਅਨੁਸਾਰ ਕੀਰਤਨ ਕਰਨ ਵਾਲੇ ਵਿਸ਼ਵ ਪ੍ਰਸਿੱਧ ਕੀਰਤਨੀਏ ਹੋਏ ਹਨ।

ਭਾਈ ਸਾਹਿਬ ਜੀ ਨੇ ਸਿੱਖ ਸੰਗਤਾ ਵਿਚ ਕੀਰਤਨ ਪ੍ਰਤੀ ਪਿਆਰ, ਸਤਿਕਾਰ, ਸ਼ਰਧਾ ਤੇ ਲਗਨ ਪੈਦਾ ਕੀਤੀ। ਕੀਰਤਨ ਪ੍ਰੰਪਰਾ ਦੀ ਮੌਲਿਕਤਾ, ਨਿਵੇਕਲਤਾ ਤੇ ਸਾਰਥਿਕਤਾ ਨੂੰ ਬਰਕਰਾਰ ਰੱਖਿਆ। ਕੀਰਤਨ ਪ੍ਰੰਪਰਾ ਨੂੰ ਪ੍ਰਚਾਰਨ, ਪ੍ਰਸਾਰਨ, ਨਿਖਾਰਨ ਅਤੇ ਕਾਇਮ ਰੱਖਣ ਵਿਚ ਆਪਜੀ ਨੇ ਅਹਿਮ ਭੂਮਿਕਾ ਨਿਭਾਈ ਹੈ। ਬਤੌਰ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਸ੍ਰੀ ਤਰਨਤਾਰਨ ਸਾਹਿਬ ਸ੍ਰੀ ਗੁਰਦੁਆਰਾ ਦੁੱਖ ਨਿਵਾਰਨ ਪਟਿਆਲਾ ਵਿਖੇ ਕਈ ਵਰ੍ਹੇ ਕੀਰਤਨ ਸੇਵਾ ਨਿਭਾਉਂਦੇ ਰਹੇ। ਗੁਰਬਾਣੀ ਨੂੰ ਨਿਖੇੜ ਨਿਖੇੜ ਕੇ ਗਾਉਣਾ ਸ਼ੁਧ ਤੇ ਸਪਸ਼ਟ ਸ਼ਬਦ ਉਚਾਰਨ, ਕਰਨਾ ਆਪ ਜੀ ਦੀਆਂ ਵਿਸ਼ੇਸ਼ ਖੂਬੀਆਂ ਸਨ। ਭਾਈ ਬਖਸ਼ੀਸ ਸਿੰਘ ਜੀ ਦੀ ਦਮਦਾਰ, ਦਿਲਕਸ਼ ਮਧੁਰ ਅਵਾਜ਼ ਵਿਚ ਜੋ ਧੂਪੀਆ ਸਾਹਿਬ ਨੇ ਸੀਡੀਜ਼ ਤਿਆਰ ਕੀਤੀਆਂ ਹਨ ਭਾਗ-1 ਐਮ ਪੀ-3 ਸੀਡੀ ਵਿਚ ਕੈਸਟਾਂ ਤਵਿਆਂ, ਰੇਡੀਓ ਅਤੇ ਲਾਈਵ ਰਿਕਾਰਡਿੰਗ ਤੋਂ ਤਿਆਰ ਇਸ ਸੀਡੀ ਵਿਚ 121 ਸ਼ਬਦ ਉਪਲਭਧ ਹਨ।

***ਭਾਈ ਸਾਹਿਬ ਭਾਈ ਤਖਤ ਸਿੰਘ ਜੀ ਦਿੱਲੀ ਵਾਲੇ***

ਭਾਈ ਤਖਤ ਸਿੰਘ ਜੀ ਗੁਰੂ ਘਰ ਦੇ ਪੁਰਾਤਨ ਤੇ ਪ੍ਰਸਿੱਧ ਕੀਰਤਨੀਏ ਸਨ। ਆਪ ਜੀ ਸੋਜ਼ ਤੇ ਸਹਿਜ ਭਰਪੂਰ ਮਧੁਰ ਅਵਾਜ਼ ਵਿਚ ਬੜੇ ਟਿਕਾਓ ਵਿਚ ਸਹਿਜਮਈ ਕੀਰਤਨ ਕਰਦੇ ਸਨ।

ਜ਼ਿਆਦਾ ਆਪ ਜੀ ਨੇ ਦਿੱਲੀ ਵਿਖੇ ਸੇਵਾਪੰਥੀ ਸੰਸਥਾ ਨਾਲ ਸਬੰਧਿਤ ਗੁ: ਟਿਕਾਣਾ ਸਾਹਿਬ ਵਿਖੇ ਸੇਵਾ ਕੀਤੀ। ਭਾਈ ਤਖਤ ਸਿੰਘ ਜੀ ਦੀ ਸ਼ਬਦ ਕੀਰਤਨ ਦੇ ਸੀਡੀਜ਼ ਵਿਚ 47 ਸ਼ਬਦ ਰਿਕਾਰਡ ਹਨ। ਜਿਨ੍ਹਾਂ ਦਾ ਬੜੇ ਹੀ ਪਿਆਰ ਨਾਲ ਭਾਈ ਸਾਹਿਬ ਨੇ ਕੀਰਤਨ ਕੀਤਾ ਹੈ। ਇਨ੍ਹਾਂ ਦੀ ਬਹੁਤੀ ਰਿਕਾਰਡਿੰਗ ਸ. ਮਹਿੰਦਰ ਸਿੰਘ ਬਿੰਦਰਾ ਜੀ ਪਾਸੋਂ ਪ੍ਰਾਪਤ ਹੋਈ।

***ਪ੍ਰਸਿੱਧ ਰਾਗੀ ਭਾਈ ਸੰਤਾ ਸਿੰਘ ਜੀ***

* ਪਿਛਲੇ ਅੰਕ ਵਿਚ ਸ. ਮਹਿੰਦਰ ਸਿੰਘ ਬਿੰਦਰਾ ਦੇ ਨਾਮ ਮਨੋਹਰ ਸਿੰਘ ਬਿੰਦਰਾ ਛਪ ਗਿਆ ਸੀ, ਭੁੱਲ ਲਈ ਖਿਮਾ।

ਭਾਈ ਸੰਤਾ ਸਿੰਘ ਜੀ ਗੁਰਮਤਿ ਸੰਗੀਤ ਅਤੇ ਸ਼ਾਸਤਰੀ ਸੰਗੀਤ ਦੇ ਮਾਹਰ ਉੱਚ ਕੋਟੀ ਦੇ ਕੀਰਤਨੀਏ ਸਨ। ਜਿਨ੍ਹਾਂ ਨੇ ਸਾਰੀ ਉਮਰ, ਉਚੇ ਸੁਰਾਂ ਵਿਚ ਪੂਰਨ ਬਿਹਬਲਤਾ ਨਾਲ ਗੁਰੂ ਸਾਹਿਬ ਵਲੋਂ ਬਖਸ਼ੀ ਪ੍ਰੰਪਰਾਗਤ ਕੀਰਤਨ ਸ਼ੈਲੀ ਅਨੁਸਾਰ ਰਾਗ ਮਈ ਕੀਰਤਨ ਕੀਤਾ। ਇਨ੍ਹਾਂ ਦੀ ਵੀ ਬਹੁਤੀ ਰਿਕਾਰਡਿੰਗ ਸ. ਮਹਿੰਦਰ ਸਿੰਘ ਬਿੰਦਰਾ ਜੀ ਪਾਸੋਂ ਪ੍ਰਾਪਤ ਹੋਈ ਹੈ। ਸੁਰ, ਲੈਅ, ਸ਼ਬਦ, ਅਵਾਜ਼, ਰਿਆਜ਼ ਵਿਚ ਆਪ ਦਾ ਕੋਈ ਸਾਨੀ ਨਹੀਂ ਸੀ। 1935 ਦੇ ਕਰੀਬ ਭਾਈ ਸੰਤਾ ਸਿੰਘ ਤੇ ਭਾਈ ਸੁਰਜਨ ਸਿੰਘ ਹੁਰਾਂ ਨੇ ਇਕੱਠਿਆਂ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਰਤਨ ਕੀਤਾ। ਕਈ ਵਰ੍ਹੇ ਆਪ ਜੀ ਗੁ: ਸੀਸ ਗੰਜ ਦਿੱਲੀ ਵਿਖੇ ਕੀਰਤਨ ਸੇਵਾ ਨਿਭਾਉਂਦੇ ਰਹੇ।

1936-37 ਵਿਚ ਭਾਈ ਸੰਤਾ ਸਿੰਘ ਜੀ ਦੇ ਗਾਇਨ ਕੀਤੇ ਸ਼ਬਦ ਲਾਹੌਰ ਰੇਡੀਓ ਤੋਂ ਪ੍ਰਸਾਰਿਤ ਹੋਣ ਲੱਗੇ "ਭਿੰਨੀ ਰੈਨੜੀਏ ਚਮਕਨਿ ਤਾਰੇ" ਸ਼ਬਦ ਸੰਗਤਾਂ ਵਿਚ ਬਹੁਤ ਹੀ ਮਕਬੂਲ ਹੋਇਆ।

ਧੂਪੀਆ ਸਾਹਿਬ ਨੇ ਸਖਤ ਮਿਹਨਤ ਕਰਕੇ ਭਾਈ ਸਾਹਿਬ ਦੇ ਗਾਇਨ ਕੀਤੇ ਸ਼ਬਦਾਂ ਦੀਆਂ ਰਿਕਾਰਡਿੰਗ ਤੋਂ ਐਮਪੀ-3 ਸੀਡੀ ਤਿਆਰ ਕੀਤੀ ਹੈ। ਜਿਸ ਵਿਚ ਤਬਲੇ ਤੇ ਪਖਾਵਜ ਨਾਲ ਗਾਇਨ ਕੀਤੀਆਂ ਦੋ ਆਸਾ ਦੀ ਵਾਰ ਦਾ ਕੀਰਤਨ ਜੋ ਟੁੰਡੇ ਅਸਰਾਜੇ ਕੀ ਧੁਨੀ ਤੇ ਅਧਾਰਤ ਹੈ ਦਰਜ ਕੀਤਾ ਹੈ। ਤੇ 59 ਸ਼ਬਦ ਇਸ ਵਿਚ ਹਨ ਜਿਨ੍ਹਾ ਦਾ ਗਾਇਨ ਭਾਈ ਸੰਤਾ ਸਿੰਘ ਜੀ ਨੇ ਪੁਰਾਤਨ ਕੀਰਤਨ ਸ਼ੈਲੀ ਅਨੁਸਾਰ ਕੀਤਾ ਹੈ। ਇਸ ਤਰ੍ਹਾ ਅਕਾਲ ਪੁਰਖ ਦੀ ਕ੍ਰਿਪਾ ਸਦਕਾ ਪੁਰਾਤਨ ਕੀਰਤਨ ਪ੍ਰੰਪਰਾ ਦੀ ਇਕ ਇਕ ਕੜੀ ਸ. ਹਰਕਿਸ਼ਨ ਸਿੰਘ ਜੀ ਧੂਪੀਆ ਸਾਹਿਬ ਨੇ ਮੁਕੰਮਲ ਕਰ ਲਈ ਹੈ।

*ਗੁਰਦੁਆਰਾ ਮਹਿਲ ਮੁਬਾਰਕ ਧੂਰੀ ਰੋਡ, ਸੰਗਰੂਰ*

# ਪ੍ਰੋ: ਕਰਤਾਰ ਸਿੰਘ ਜੀ ਦੀ ਰਚਿਤ ਪੁਸਤਕ 'ਗੁਰਮਤਿ ਸੰਗੀਤ ਦਰਪਣ' ਭਾਗ ਦੂਜਾ ਦਾ ਰਲੀਜ਼ ਸਮਾਗਮ

ਸੁਖਵਿੰਦਰ ਸਿੰਘ

ਸ੍ਰੀ ਅਕਾਲ ਤਖਤ ਸਾਹਿਬ ਜੀ ਦੇ 400 ਸਾਲਾ ਸਿਰਜਣਾ ਦਿਵਸ ਨੂੰ ਸਮਰਪਿਤ ਗੁ: ਮੰਜੀ ਸਾਹਿਬ ਅੰਮ੍ਰਿਤਸਰ ਵਿਖੇ ਆਯੋਜਿਤ ਕੀਰਤਨ ਦਰਬਾਰ ਮਿਤੀ 30-06-06 ਸ਼ਾਮ ਨੂੰ ਪ੍ਰੋ: ਕਰਤਾਰ ਸਿੰਘ ਜੀ ਦੇ ਕੀਰਤਨ ਦੀ ਹਾਜ਼ਰੀ ਉਪਰੰਤ ਉਨ੍ਹਾਂ ਦੀ ਰਚਿਤ ਪੁਸਤਕ 'ਗੁਰਮਤਿ ਸੰਗੀਤ ਦਰਪਣ' ਭਾਗ ਦੂਜਾ ਨੂੰ ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਰਲੀਜ਼ ਕੀਤਾ ਗਿਆ। ਪਹਿਲੀ ਪੁਸਤਕ ਪ੍ਰੋ: ਕਰਤਾਰ ਸਿੰਘ ਜੀ ਵਲੋਂ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਜੀ ਨੂੰ ਭੇਟ ਕੀਤੀ ਗਈ। ਬੀਬੀ ਜਸਬੀਰ ਕੌਰ ਖਾਲਸਾ ਚੇਅਰਪਰਸਨ ਸ੍ਰੀ ਗੁਰੂ ਗਿਆਨ ਪ੍ਰਕਾਸ਼ ਫਾਊਂਡੇਸ਼ਨ ਨਵੀਂ ਦਿੱਲੀ, ਸ. ਸਤਬੀਰ ਸਿੰਘ ਮੀਤ ਸਕੱਤਰ(ਸ਼੍ਰੋ: ਗੁ: ਪ੍ਰ: ਕਮੇਟੀ) ਅੰਮ੍ਰਿਤਸਰ, ਤੇ ਸ. ਭਗਵਾਨ ਸਿੰਘ ਜੌਹਲ ਤੇ ਕੀਰਤਨ ਦਰਬਾਰ ਵਿਚ ਹਾਜ਼ਰੀਆਂ ਭਰਨ ਆਏ ਭਾਈ ਨਰਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਹਰਪਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਗੁਰਮੀਤ ਸਿੰਘ ਸ਼ਾਂਤ, ਭਾਈ ਅਮੋਲਕ ਸਿੰਘ ਅਸਟਰੇਲੀਆ ਤੇ ਹੋਰ ਰਾਗੀ ਜਥੇ ਤੇ ਸ੍ਰੀ ਦਰਬਾਰ ਸਾਹਿਬ ਜੀ ਦੇ ਹਜ਼ੂਰੀ ਰਾਗੀ ਜਥਿਆਂ ਨੂੰ ਪੁਸਤਕਾਂ ਭੇਂਟ ਕੀਤੀਆਂ ਗਈਆਂ।

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 400 ਸਾਲਾ ਪਹਿਲਾ ਪ੍ਰਕਾਸ਼ ਉਤਸਵ ਨੂੰ ਸਮਰਪਿਤ ਇਸ ਪੁਸਤਕ ਵਿਚ ਰਾਗੁ ਬਿਲਾਵਲੁ ਤੋਂ ਰਾਗੁ ਜੈਜਾਵੰਤੀ ਤੱਕ 16 ਰਾਗਾਂ ਵਿਚ 420 ਸ਼ਬਦ ਬੰਦਸ਼ਾਂ ਤੇ 476 ਪੰਨਿਆਂ ਦਾ ਸੰਗ੍ਰਹਿ ਹੈ। ਰਾਗਾਂ ਦੇ ਸਰੂਪ ਮੱਧ ਤੇ ਅਧੁਨਿਕ ਕਾਲ ਦੇ ਸ਼ਾਸਤਰਕਾਰਾਂ ਵਲੋਂ, ਟਾਟਾ, ਪਰੀਚੈ, ਵਿਲੰਬਤ ਲੈਅ ਵਿਚ ਮੰਗਲਾਚਰਨ ਵਿਲੰਬਤ ਲੈਅ ਵਿਚ ਸ਼ਬਦ ਬੰਦਸ਼ਾਂ ਅੱਠਗੁਨ, ਸੋਲਾਂਗੁਨ ਤੇ ਚੌਗੁਨ ਦੀਆਂ ਤਾਨਾਂ ਤਿਹਾਈਆਂ ਮੱਧ ਲੈਅ ਦੀਆਂ ਬੰਦਸ਼ਾਂ ਵਿਚ ਅਲਾਪ ਦੁਗਨ ਦੀਆਂ ਤਾਨਾਂ ਤਿਹਾਈਆਂ ਸਹਿਤ ਪ੍ਰਚਲਿਤ ਅਪ੍ਰਚਲਿਤ ਸਾਢ, ਪੌਣ, ਸਵਾਈ ਮਾਤਰਾਂ ਦੀਆਂ ਤਾਲਾਂ ਵਿਚ ਲਿੱਪੀ -ਬੱਧ ਹਨ।

ਪ੍ਰੋ: ਕਰਤਾਰ ਸਿੰਘ ਜੀ ਦੀਆਂ ਗੁਰਮਤਿ ਸੰਗੀਤ ਸਬੰਧੀ ਰਚਿਤ ਤਿੰਨ ਪੁਸਤਕਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵਲੋਂ ਪਹਿਲਾਂ ਹੀ ਪ੍ਰਕਾਸ਼ਿਤ ਕੀਤੀਆਂ ਜਾ ਚੁੱਕੀਆਂ ਹਨ।

ਪ੍ਰੋ: ਕਰਤਾਰ ਸਿੰਘ ਡਾਇਰੈਕਟਰ ਗੁਰਮਤਿ ਸੰਗੀਤ ਅਕੈਡਮੀ ਸ੍ਰੀ ਅਨੰਦਪੁਰ ਸਾਹਿਬ ਨੇ ਨਵੀਨ ਅਦੁੱਤੀ ਗੁਰਮਤਿ ਸੰਗੀਤ ਗ੍ਰੰਥਾਂ ਨਾਲ ਗੁਰੂ ਸ਼ਬਦ ਨੂੰ ਨਿਰਧਾਰਤ ਰਾਗਾਂ ਵਿਚ ਸੁਰ ਲਿਪੀ ਬੱਧ ਕੀਤਾ ਹੈ। ਆਪ ਨੇ ਤਾਨਪੂਰੇ ਤੇ ਹੋਰ ਤੰਤੀ ਸਾਜਾਂ ਨਾਲ ਕੀਰਤਨ 1960 ਤੋਂ ਅਰੰਭ ਕੀਤਾ। ਪਿਛਲੇ ਅੱਠ ਸਾਲਾਂ ਤੋਂ ਸ੍ਰੀ ਦਰਬਾਰ ਸਾਹਿਬ' ਅੰਮ੍ਰਿਤਸਰ ਤੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਸਮੇਂ ਸਮੇਂ ਤੰਤੀ ਸਾਜ਼ਾਂ ਦੁਆਰਾ ਕੀਰਤਨ ਪ੍ਰੰਪਰਾ ਨੂੰ ਪੁਨਰ ਸੁਰਜੀਤ ਕਰਨ ਲਈ ਮਿਤੀ 06-03-06 ਨੂੰ ਕੀਰਤਨ ਦੀ ਅਰੰਭਤਾ ਦੀ ਸੇਵਾ ਵੀ ਇਨ੍ਹਾਂ ਤੋਂ ਹੀ ਲਈ ਗਈ।

ਧਰਮ ਪ੍ਰਚਾਰ ਕਮੇਟੀ (ਸ਼੍ਰੋ: ਗੁ. ਪ੍ਰ. ਕਮੇਟੀ) ਵਲੋਂ ਤੰਤੀ ਸਾਜ਼ਾਂ ਦੁਆਰਾ ਚਲਾਈ ਜਾ ਰਹੀ ਗੁਰਮਤਿ ਸੰਗੀਤ ਅਕੈਡਮੀ ਸ੍ਰੀ ਅਨੰਦਪੁਰ ਸਾਹਿਬ ਵਿਖੇ 1999 ਤੋਂ ਤੰਤੀ ਸਾਜ਼ਾਂ ਦੁਆਰਾ ਗੁਰਮਤਿ ਸੰਗੀਤ ਦਾ ਪ੍ਰਚਾਰ ਕਰ ਰਹੇ ਹਨ। ਉਹਨਾਂ ਨੇ ਤੰਤੀ ਸਾਜ਼ਾਂ ਨਾਲ ਕੀਰਤਨ ਕਰਨ ਵਾਲੇ ਰਾਗੀ ਜਥੇ ਤਿਆਰ ਕੀਤੇ ਜੋ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਤਖਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦ ਪੁਰ ਸਾਹਿਬ, ਗੁ. ਚਰਨ ਕਮਲ ਸਾਹਿਬ ਬੰਗਾ (ਨਵਾਂ ਸ਼ਹਿਰ) ਤੇ ਕਈ ਵਿਦਿਆਰਥੀ ਸਕੂਲਾਂ ਕਾਲਜਾਂ ਵਿਚ ਗੁਰਮਤਿ ਸੰਗੀਤ ਦਾ ਪ੍ਰਚਾਰ ਕਰ ਰਹੇ ਹਨ।

ਗੁਰਮਤਿ ਸੰਗੀਤ ਦੇ ਅਚਾਰੀਆ ਪ੍ਰੋ: ਕਰਤਾਰ ਸਿੰਘ ਜੀ ਨੇ ਅਲੋਪ ਹੋਈਆਂ ਗਾਇਨ ਸ਼ੈਲੀਆਂ, ਅਪ੍ਰਚਲਿਤ ਤਾਲਾਂ ਅਤੇ ਗੁਰਮਤਿ ਸੰਗੀਤ ਦੀ ਵਿਲੱਖਣਤਾ ਕਠਿਨ ਪ੍ਰੰਪਰਾ ਪੜਤਾਲ ਨੂੰ ਮੁੜ ਸੁਰਜੀਤ ਕੀਤਾ ਹੈ। ਪ੍ਰੋ: ਸਾਹਿਬ ਦਾ ਸਾਰਾ ਜੀਵਨ ਗੁਰਮਤਿ ਸੰਗੀਤ ਦੇ ਪ੍ਰਚਾਰ ਤੇ ਪ੍ਰਸਾਰ ਨੂੰ ਸਮਰਪਿਤ ਹੈ।

*ਗੁਰਮਤਿ ਸੰਗੀਤ ਅਕੈਡਮੀ*
*ਸ੍ਰੀ ਅਨੰਦਪੁਰ ਸਾਹਿਬ*

# ਸੁਰ ਲਿਪੀ

ਨਰਿੰਦਰ ਕੌਰ

ਰਾਗ: ਕਾਨੜਾ

ਥਾਟ: ਕਾਫੀ ਸੁਰ: ਗੰਧਾਰ ਕੋਮਲ ਦੋਵੇਂ ਨਿਸ਼ਾਦ, ਬਾਕੀ ਸ਼ੁੱਧ। ਧੈਵਤ ਵਰਜਿਤ

ਜਾਤੀ: ਸ਼ਾੜਵ-ਸ਼ਾੜਵ ਵਾਦੀ: ਪੰਚਮ ਸੰਵਾਦੀ: ਸ਼ੜਜ

ਸਮਾਂ: ਰਾਤ ਦਾ ਦੂਜਾ ਪਹਿਰ

ਆਰੋਹ: ਸ ਰੇ ਗੁ, ਮ ਪ, ਨੀ ਸਂ। ਅਵਰੋਹ: ਸਂ, ਨੁੀ ਪ, ਮ ਪ, ਗੁ ਮ ਰੇ ਸ।

ਮੁੱਖ ਅੰਗ: ਸ ਰੇ ਗੁ, ਮ ਰ਼ੇ, ਸ, ਰੇ ਨ਼ੀ ਸ, ਰੇ ਪ ਗੁ, ਮ ਰੇ ਸ।

ਤੀਨ ਤਾਲ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| x | | | | 2 | | | | 0 | | | | 3 | | | |
| ਸਥਾਈ | | | | | | | | | | | | | | | |
| | | | | | | | | - | ਗੁ | ਮਰੇ | ਸ | ਨ਼ੀ | ਪ | ਨ਼ੀ | ਨ਼ੀ |
| | | | | | | | | ऽ | ਐ | ऽਸੋ | ऽ | ਦਾ | ऽ | ਨ | ਦੇ |
| ਸ | - | ਸ | - | ਰੇਸ | ਨ਼ੀਪ | ਸ | ਰੇ | - | ਗੁ | ਮਰੇ | ਸ | ਨ਼ੀ | ਪ | ਨ਼ੀ | ਨ਼ੀ |
| ਹੁ | ऽ | ਜੀ | ऽ | ਸੰਨ | ऽऽ | ਤ | ਹੁ | ऽ | ਐ | ऽਸੋਂ | ऽ | ਦਾ | ऽ | ਨ | ਦੇ |
| ਸ | - | ਸ | - | ਰੇ | ਨੀ | ਸ | ਸ | - | ਰੇ | ਮਮ | ਮ | ਪ | ਮ | ਪਨੀ | ਪ |
| ਹੁ | ऽ | ਜੀ | ऽ | ਸੰ | ऽ | ਤ | ਹੁ | ऽ | ਜੀ | ऽਤ | ਜੀ | ਉ | ऽ | ਬ | ਲਿ |
| ਗ | - | - | ਮ | ਰੇ | - | ਸ | - | - | ਮ | - | ਮ | ਪ | - | ਪ | - |
| ਹਾ | ऽ | ऽ | ऽ | ऽ | ऽ | ਰ | ऽ | ऽ | ਮਾ | ऽ | ਨ | ਮੋ | ऽ | ਹੀ | ऽ |
| - | ਗੁ | - | ਮ | ਰੇ | - | ਸ | - | - | ਸਰੇਂ | ਰੇਂ | ਰੇਂ | ਸਂ | ਸਂ | ਸਂ | ਸਂ |
| ऽ | ਪੰ | ऽ | ਚ | ਦੋ | ऽ | ਹੀ | ऽ | ऽ | ਉਰ | ਝ | ਨਿ | ਕ | ਟ | ਬ | ਸਿ |
| ਸਂ | - | - | - | - | - | - | - | ਪ | ਨੁੀਨੁੀ | - | ਮ | ਪ | ਪ | - | ਮ |
| ਓ | ऽ | ऽ | ऽ | ऽ | ऽ | ऽ | ऽ | ਤਾ | ऽਕੀ | ऽ | ਸ | ਰ | ਨ | ऽ | ਸਾ |
| ਪਨੁੀ | ਨੁੀ | ਪ | - | - | - | - | - | - | ਮ | - | ਮ | ਪ | ਮ | ਪਨੁੀ | ਪ |
| ऽऽ | ਧੂ | ਆ | ऽ | ऽ | ऽ | ऽ | ऽ | ऽ | ਦੂ | ऽ | ਤ | ਸੰ | ऽ | ਗੁ | ਨਿ |
| ਗੁ | - | - | ਮ | ਰੇ | - | ਸ | - | | | | | | | | |
| ਵਾ | ऽ | ऽ | ऽ | ऽ | ऽ | ऽ | ऽ | | | | | | | | |

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| x | | | | 2 | | | | 0 | | | | 3 | | | |
| **ਅੰਤਰਾ** | | | | | | | | | | | | | | | |
| | | | | | | | | - | ਮ | ਪਨੀ | ਨੀ | ਨੀ | ਨੀ | ਨੀ | ਨੀ |
| | | | | | | | | ऽ | ਕੋ | ऽऽ | ਟ | ਜ | ਨ | ਮ | ਜੋ |
| ਸਂ | ਨੀ | ਸਂ | ਨੀ | ਸਂ | - | ਸਂ | ਰੇਂ | ਗੁਂ | ਗੁਂ | ਗੁਂ | ਮਂ | ਰੇਂ | ਰੇਂ | ਸ | - |
| ऽ | ਨ | ਭ੍ਰ | ਮਿ | ਓ | ऽ | ਹਾ | ऽ | ऽ | ऽ | ऽ | ਰ | ਪ | ਰਿ | ਓ | ऽ |
| - | ਸਂ | - | - | - | - | - | ਸਂ | - | ਸਂ | - | ਨੂਪ | ਮ | - | ਪਨੀ | ਪ |
| ऽ | ਦੁਆ | ऽ | ऽ | ऽ | ऽ | ऽ | ਰ | ऽ | ਹਾ | ऽ | ऽਰ | ਪ | ਰਿ | ਓऽ | ऽ |
| ਗੁ | - | - | ਮ | ਰੇ | - | ਸ | - | | | | | | | | |
| ਦੁਆ | ऽ | ऽ | ऽ | ऽ | ऽ | ਰ | ऽ | | | | | | | | |
| **ਦੂਜਾ ਅੰਤਰਾ** | | | | | | | | | | | | | | | |
| | | | | | | | | - | ਮ | ਪਨੀ | - | ਨੀ | - | ਨੀ | - |
| | | | | | | | | ऽ | ਕਿ | ਰऽ | ऽ | ਪਾ | ऽ | ਗੋ | ऽ |
| ਸਂ | - | ਸਂ | ਨੀ | ਸਂ | - | - | - | ਸਂ | ਰੇਂ | ਗੁਂ | ਮਂ | ਰੇਂ | - | ਸਂ | ਸਂ |
| ਬਿੰ | ऽ | ਦ | ਭ | ਈ | ऽ | ऽ | ऽ | ਮਿ | ਲ | ਓ | ऽ | ਨਾ | ऽ | ਮ | ਅ |
| ਸਂ | - | - | - | - | - | - | ਸਂ | - | ਰੇਂ | ਰੇਂ | ਰੇਂ | ਸਂ | ਸਂ | ਸਂ | - |
| ਧਾ | ऽ | ऽ | ऽ | ऽ | ऽ | ऽ | ਰ | ऽ | ਦੁ | ਲ | ਭ | ਜ | ਨ | ਮ | ऽ |
| - | ਸਂ | ਸਂ | ਨੀ | ਸਂ | - | ਸਂ | ਸਂ | ਸਂ | ਸਂ | ਨੂਪ | ਮ | - | ਪਨੀ | ਪ | - |
| ऽ | ਸ | ਫ | ਲ | ਨਾ | ऽ | ਨ | ਕ | ਭ | ਵ | ਉ | ਤਾ | ऽ | ऽऽ | ਰ | ऽ |
| ਗੁ | - | - | ਮ | ਰੇ | - | ਸ | - | | | | | | | | |
| ਪਾ | ऽ | ऽ | ऽ | ऽ | ऽ | ਰ | ऽ | | | | | | | | |

# ਸੁਰ-ਲਿਪੀ ਵਾਲੇ ਸ਼ਬਦ ਦੇ ਅਰਥ

ਮਨਮੋਹਨ ਸਿੰਘ

| | | |
|---|---|---|
| ਕਾਨੜਾ ਮਹਲਾ ੫ ਘਰੁ ੧੦ | **Kanra 5th Guru** | ਕਾਨੜਾ ਪੰਜਵੀਂ ਪਾਤਿਸ਼ਾਹੀ |
| ੧ਓ ਸਤਿਗੁਰ ਪ੍ਰਸਾਦਿ ॥ | There is but One God. By the True Guru's grace, He is obtained. | ਵਾਹਿਗੁਰੂ ਕੇਵਲ ਇਕ ਹੈ। ਸਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ। |
| ਐਸੋ ਦਾਨੁ ਦੇਹੁ ਜੀ ਸੰਤਹੁ ਜਾਤ ਜੀਉ ਬਲਿਹਾਰਿ ॥ | O sire saints, bless ye me with the such bounty of the Lord's name, unto which my soul is devoted. | ਹੇ ਮਹਾਰਾਜ, ਸਾਧੂਓ! ਤੁਸੀਂ ਸਾਈਂ ਦੇ ਨਾਮ ਦੇ ਐਹੋ ਜਹੀ ਦਾਤ ਬਖਸ਼ੋ ਜਿਸ ਉਤੋਂ ਮੇਰੀ ਜਿੰਦੜੀ ਸਦਕੇ ਵੰਞਦੀ ਹੈ। |
| ਮਾਨ ਮੋਹੀ ਪੰਚ ਦੋਹੀ ਉਰਝਿ ਨਿਕਟਿ ਬਸਿਓ ਤਾਕੀ ਸਰਨਿ ਸਾਧੂਆ ਦੂਤ ਸੰਗੁ ਨਿਵਾਰਿ ॥੧॥ ਰਹਾਉ ॥ | Bewitched by ego and defrauded and entrapped by the five demons, I abided in their nearness. I have now sought the saints refuge and am delivered of the association of the five demons. Pause. | ਹੰਗਤਾ ਦੀ ਫਰੇਫਤਾ ਕੀਤੀ ਅਤੇ ਪੰਜਾਂ ਭੂਤਨਿਆਂ ਦੀ ਠੱਗੀ ਅਤੇ ਫਾਹੀ ਹੋਈ, ਮੈਂ ਉਨ੍ਹਾਂ ਦੇ ਨੇੜੇ ਵਸਦੀ ਸਾਂ। ਮੈਂ ਹੁਣ ਸੰਤਾਂ ਦੀ ਸ਼ਰਣਾਗਤ ਲਈ ਹੈ। ਅਤੇ ਪੰਜਾਂ ਭੂਤਨਿਆਂ ਦੀ ਸੰਗਤ ਤੋਂ ਖਲਾਸੀ ਪਾ ਗਈ ਹਾਂ। ਠਹਿਰਾਉ। |
| ਕੋਟਿ ਜਨਮ ਜੋਨਿ ਭ੍ਰਮਿਓ ਹਾਰਿ ਪਰਿਓ ਦੁਆਰਿ ॥੧॥ | Being tired, by wandering through myriads of births and existences, I have now fallen at the God's door. | ਕਰੋੜਾਂ ਹੀ ਜਨਮਾਂ ਅਤੇ ਜੂਨੀਆਂ ਅੰਦਰ ਭਟਕਣ ਦੁਆਰਾ ਹਾਰ ਹੁਟ ਕੇ ਮੈਂ ਹੁਣ ਵਾਹਿਗੁਰੂ ਦੇ ਬੂਹੇ ਤੇ ਆ ਡਿੱਗਾ ਹਾਂ। |
| ਕਿਰਪਾ ਭਈ ਗੋਬਿੰਦ ਭਈ ਮਿਲਿਓ ਨਾਮੁ ਅਧਾਰੁ ॥ | The Lord of the world has shown mercy and I am now blessed with the Name's support. | ਸੰਸਾਰ ਦੇ ਸੁਆਮੀ ਨੇ ਮਿਹਰ ਧਾਰੀ ਹੈ ਅਤੇ ਮੈਨੂੰ ਹੁਣ ਨਾਮ ਦਾ ਆਸਰਾ ਪ੍ਰਾਪਤ ਹੋ ਗਿਆ ਹੈ। |
| ਦੁਲਭ ਜਨਮੁ ਸਫਲ ਨਾਨਕ ਭਵ ਉਤਾਰਿ ਪਾਰਿ ॥੨॥੧॥੪੫॥ | My invaluable life has become fruitful, O Nanak and I am ferried across the world ocean. | ਮੇਰਾ ਅਮੋਲਕ ਜੀਵਨ ਫਲਦਾਇਕ ਹੋ ਗਿਆ ਹੈ, ਹੇ ਨਾਨਕ ਅਤੇ ਮੈਂ ਸੰਸਾਰ ਸਮੁੰਦਰ ਤੋਂ ਪਾਰ ਉਤਰ ਗਿਆ ਹਾਂ। |